Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 176 Monday, September 14, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਨਹੀਂ ਰਹੀ ਸੱਭ ਤੋਂ ਪ੍ਰਭਾਵਸ਼ਾਲੀ ਮਹਿਲਾ ਸਿਆਸੀ ਸ਼ਖਸੀਅਤ ਐਲੀਨ ਕ੍ਰੈਚੀਅਨ

ਓਟਵਾ, 13 ਸਤੰਬਰ (ਪੋਸਟ ਬਿਊਰੋ) : ਐਲੀਨ ਕ੍ਰੈਚੀਅਨ ਸ਼ਾਇਦ ਸੱਭ ਤੋਂ ਪ੍ਰਭਾਵਸ਼ਾਲੀ ਮਹਿਲਾ ਸਿਆਸੀ ਸ਼ਖਸੀਅਤ ਹੋਵੇ ਜਿਸ ਨੂੰ ਕੈਨੇਡੀਅਨਜ਼ ਜਾਣਦੇ ਹੋਣਗੇ।



ਉਨ੍ਹਾਂ ਨੂੰ ਅਕਸਰ ਸਿਆਸੀ ਈਵੈਂਟਸ ’ਤੇ ਵੇਖਿਆ ਜਾ ਸਕਦਾ ਸੀ। ਪਤਲੀ ਜਿਹੀ ਪਰ ਬਹੁਤ ਹੀ ਪ੍ਰਭਾਵਸ਼ਾਲੀ ਸ਼ਖਸੀਅਤ ਦੀ ਮਾਲਕ ਐਲੀਨ ਨੂੰ ਅਕਸਰ ਆਪਣੇ ਪਤੀ ਸਾਬਕਾ ਪ੍ਰਧਾਨ ਮੰਤਰੀ ਜੀਨ ਕ੍ਰੈਚੀਅਨ ਨਾਲ ਵੇਖਿਆ ਗਿਆ ਪਰ ਉਨ੍ਹਾਂ ਨੇ ਜਨਤਕ ਤੌਰ ’ਤੇ ਕਦੇ ਸ਼ਾਇਦ ਹੀ ਕੁੱਝ ਬੋਲਿਆ ਹੋਵੇ। ਪਰ ਐਲੀਨ ਹਮੇਸ਼ਾਂ ਕ੍ਰੈਚੀਅਨ ਦੀ ਸੱਭ ਤੋਂ ਭਰੋਸੇਯੋਗ ਤੇ ਆਤਮਵਿਸ਼ਵਾਸ ਨਾਲ ਲਬਰੇਜ ਸਲਾਹਕਾਰ ਰਹੀ। ਕ੍ਰੈਚੀਅਨ ਹਮੇਸ਼ਾਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਥੰਮ੍ਹ ਦੱਸਦੇ ਰਹੇ ਹਨ।

ਪਰਿਵਾਰ ਦੇ ਬੁਲਾਰੇ ਨੇ ਦੱਸਿਆ ਕਿ ਐਲੀਨ ਕ੍ਰੈਚੀਅਨ ਦੀ ਮੌਤ ਸ਼ਨਿੱਚਰਵਾਰ ਸਵੇਰੇ ਉਨ੍ਹਾਂ ਦੇ ਸ਼ਵਿਨੀਗੈਨ, ਕਿਊਬਿਕ ਸਥਿਤ ਘਰ ਵਿੱਚ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਹੋਈ। ਉਹ 84 ਸਾਲਾਂ ਦੀ ਸੀ। ਮੌਤ ਦੇ ਕਾਰਨਾਂ ਦੀ ਜਾਣਕਾਰੀ ਨਹੀਂ ਦਿੱਤੀ ਗਈ। ਲੰਮੇਂ ਸਮੇਂ ਤੱਕ ਕ੍ਰੈਚੀਅਨ ਦੇ ਸਹਾਇਕ ਰਹੇ ਐਡੀ ਗੋਲਡਨਬਰਗ ਨੇ ਆਖਿਆ ਕਿ ਪ੍ਰਧਾਨ ਮੰਤਰੀ ਕ੍ਰੈਚੀਅਨ ਇਹ ਮੰਨਦੇ ਸਨ ਕਿ ਐਲੀਨ ਤੋਂ ਬਿਨਾਂ ਉਹ ਕਦੇ ਪ੍ਰਧਾਨ ਮੰਤਰੀ ਬਣਨ ਬਾਰੇ ਸੋਚ ਵੀ ਨਹੀਂ ਸਨ ਸਕਦੇ। ਉਨ੍ਹਾਂ ਆਖਿਆ ਕਿ ਉਹ ਜਾਣਦੀ ਸੀ ਕਿ ਉਹ ਚੁਣੀ ਨਹੀਂ ਜਾਵੇਗੀ, ਇਸ ਲਈ ਉਸ ਨੇ ਕਦੇ ਅਜਿਹਾ ਕਰਨ ਦਾ ਸੋਚਿਆ ਵੀ ਨਹੀਂ। ਪਰ ਉਹ ਗੁਪਤ ਢੰਗ ਨਾਲ ਕ੍ਰੈਚੀਅਨ ਨੂੰ ਸਮੇਂ ਸਿਰ ਹਮੇਸ਼ਾਂ ਸਹੀ ਸਲਾਹ ਦਿੰਦੀ ਰਹੀ। ਕ੍ਰੈਚੀਅਨ ਨਾਲ ਵਿਆਹ ਕਰਵਾਉਣ ਤੋਂ ਬਾਅਦ ਉਨ੍ਹਾਂ ਘਰ ਰਹਿ ਕੇ ਆਪਣੇ ਤਿੰਨ ਬੱਚਿਆਂ ਧੀ ਫਰਾਂਸ ਤੇ ਬੇਟਿਆਂ ਹਬਰਟ ਤੇ ਮਾਈਕਲ ਨੂੰ ਪਾਲਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਐਨੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਉਨ੍ਹਾਂ ਕਦੇ ਪੜ੍ਹਾਈ ਦਾ ਪੱਲਾ ਨਹੀਂ ਛੱਡਿਆ। ਅੰਗਰੇਜ਼ੀ ਤੋਂ ਇਲਾਵਾ ਉਨ੍ਹਾਂ ਨੂੰ ਇਟੈਲੀਅਨ, ਸਪੈਨਿਸ਼ ਤੇ ਫਰੈਂਚ ਵਿੱਚ ਮਹਾਰਤ ਹਾਸਲ ਸੀ। ਰੌਇਲ ਕੰਜ਼ਰਵੇਟਰੀ ਆਫ ਮਿਊਜ਼ਿਕ ਤੋਂ ਉਨ੍ਹਾਂ ਉਮਦਾ ਪਿਆਨਿਸਟ ਬਣਨ ਦੀ ਤਾਲੀਮ ਲਈ। 2010 ਵਿੱਚ ਉਹ ਸਡਬਰੀ ਵਿੱਚ ਲਾਰੈਂਚੀਅਨ ਯੂਨੀਵਰਸਿਟੀ ਦੀ ਪਹਿਲੀ ਚਾਂਸਲਰ ਬਣੀ।

70 ਸਾਲਾਂ ਤੱਕ ਉਹ ਪਲ ਪਲ ਕ੍ਰੈਚੀਅਨ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਰੀਆ ਜ਼ਿੰਮੇਵਾਰੀਆਂ ਪੂਰੀਆਂ ਕਰਦੀ ਰਹੀ। ਐਲੀਨ ਤੇ ਜੀਨ ਕ੍ਰੈਚੀਅਨ ਨੇ 10 ਸਤੰਬਰ ਨੂੰ ਆਪਣੇ ਵਿਆਹ ਦੀ 63ਵੀਂ ਵਰ੍ਹੇਗੰਢ ਮਨਾਈ ਸੀ।

# ਗਾਰੰਟੀਸ਼ੁਦਾ ਬੇਸਿਕ ਆਮਦਨ ਦਾ ਮਾਮਲਾ ਬਣਿਆ ਲਿਬਰਲ ਕਾਕਸ ਦੀ ਤਰਜੀਹ

ਓਟਵਾ, 13 ਸਤੰਬਰ (ਪੋਸਟ ਬਿਊਰੋ) : ਇੱਕ ਪਾਸੇ ਕੋਵਿਡ-19 ਮਹਾਂਮਾਰੀ ਦੌਰਾਨ ਟਰੂਡੋ ਸਰਕਾਰ ਲੋਕਾਂ ਦੀ ਮਦਦ ਕਰਨ ਅਤੇ ਅਰਥਚਾਰੇ ਨੂੰ ਮੁੜ ਖੜ੍ਹਾ ਕਰਨ ਲਈ ਜੱਦੋ-ਜਹਿਦ ਕਰ ਰਹੀ ਹੈ। ਇਸ ਦੌਰਾਨ ਸਾਰੇ ਕੈਨੇਡੀਅਨਾਂ ਲਈ ਗਾਰੰਟੀਸ਼ੁਦਾ ਬੇਸਿਕ ਆਮਦਨ ਦਾ ਮਾਮਲਾ ਫੈਡਰਲ ਸਰਕਾਰ ਲਈ ਉਘਾ ਨੀਤੀਗਤ ਮਾਮਲਾ ਬਣਿਆ ਹੋਇਆ ਹੈ।



ਪਾਰਟੀ ਦੇ ਹੋਣ ਜਾ ਰਹੇ ਕੌਮੀ ਇਜਲਾਸ ਵਿੱਚ ਇਸ ਮਾਮਲੇ ਨੂੰ ਮੁੱਖ ਤੌਰ ਉੱਤੇ ਨੀਤੀ ਵਿੱਚ ਸ਼ਾਮਲ ਕੀਤੇ ਜਾਣ ਦੀ ਲਿਬਰਲ ਕਾਕਸ ਵੱਲੋਂ ਮੰਗ ਕੀਤੀ ਜਾ ਰਹੀ ਹੈ। ਕਈ ਐਮਪੀਜ਼ ਨੇ ਤਾਂ ਇਸ ਨੂੰ ਐਨੀ ਅਹਿਮੀਅਤ ਦੇ ਦਿੱਤੀ ਹੈ ਕਿ ਉਹ ਇਸ ਨੂੰ ਆਪਣਾ ਮੁੱਖ ਮਤਾ ਬਣਾ ਚੁੱਕੇ ਹਨ। ਬਹੁਤਿਆਂ ਦਾ ਕਹਿਣਾ ਹੈ ਕਿ 12 ਤੋਂ 15 ਨਵੰਬਰ ਤੱਕ ਹੋਣ ਵਾਲੇ ਇਜਲਾਸ ਵਿੱਚ ਇਸ ਵਿਸ਼ੇ ਉੱਤੇ ਹੀ ਬਹਿਸ ਤੇ ਫਿਰ ਵੋਟ ਕਰਵਾਈ ਜਾਵੇਗੀ।

ਲਿਬਰਲ ਪਾਰਟੀ ਦੀਆਂ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਆਰਗੇਨਾਈਜ਼ੇਸ਼ਨਜ਼ ਅਤੇ ਵੱਖ ਵੱਖ ਕਮਿਸ਼ਨਜ਼ ਵੱਲੋਂ ਸੁਝਾਏ ਗਏ 50 ਮਤਿਆਂ ਵਿੱਚ ਇਹ ਮੁੱਦਾ ਸੱਭ ਤੋਂ ਮੂਹਰੇ ਰੱਖਿਆ ਗਿਆ ਹੈ। ਰਜਿਸਟਰਡ ਲਿਬਰਲਜ਼ ਦਰਮਿਆਨ ਦੋ ਹਫਤੇ ਤੱਕ ਚੱਲਣ ਵਾਲੀ ਆਨਲਾਈਨ ਗੱਲਬਾਤ ਦਾ ਵੀ ਇਹ ਮੁੱਖ ਮੁੱਦਾ ਰਹਿਣ ਵਾਲਾ ਹੈ।

ਗਾਰੰਟੀਸ਼ੁਦਾ ਬੇਸਿਕ ਇਨਕਮ ਦੀ ਮੰਗ ਕਰਨ ਵਾਲੇ ਇੱਕਲੇ ਲਿਬਰਲ ਐਮਪੀਜ਼ ਹੀ ਨਹੀਂ ਹਨ। ਸਗੋਂ ਦੇਸ਼ ਦੇ ਕੋਨੇ ਕੋਨੇ ਵਿੱਚੋਂ ਇਸ ਮਾਮਲੇ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਅਪਨਾਉਣ ਦੀ ਮੰਗ ਉੱਠ ਰਹੀ ਹੈ।

# ਫੈਡਰਲ ਸਰਕਾਰ ਲਈ ਅਹਿਮ ਬਣਿਆ ਨਵੇਂ ਕਮਾਂਡਰ ਦੀ ਚੋਣ ਦਾ ਮੁੱਦਾ

ਓਟਵਾ, 13 ਸਤੰਬਰ (ਪੋਸਟ ਬਿਊਰੋ) : ਭਰੋਸੇ ਦੇ ਵੋਟ ਦਾ ਸਾਹਮਣਾ ਕਰਨ ਤੋਂ ਪਹਿਲਾਂ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਨਵੇਂ ਕਮਾਂਡਰ ਦੀ ਚੋਣ ਕਰਨ ਦਾ ਮੁੱਦਾ ਫੈਡਰਲ ਸਰਕਾਰ ਲਈ ਇਸ ਸਮੇਂ ਕਾਫੀ ਅਹਿਮ ਬਣਿਆ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਚੋਣਾਂ ਕਰਵਾਉਣੀਆਂ ਵੀ ਪੈਂਦੀਆਂ ਹਨ ਤਾਂ ਇਸ ਤਰ੍ਹਾਂ ਕੀਤੀ ਜਾ ਰਹੀ ਦੇਰੀ ਸਦਕਾ ਫੌਜ ਨੂੰ ਸੇਧ ਦੇਣ ਵਾਲਾ ਕੋਈ ਨਹੀਂ ਬਚੇਗਾ।



ਜਨਰਲ ਜੋਨਾਥਨ ਵਾਂਸ ਦਾ ਜਾਨਸ਼ੀਨ ਕੌਣ ਬਣੇਗਾ ਅਤੇ ਚੀਫ ਆਫ ਡਿਫੈਂਸ ਸਟਾਫ ਦੀ ਕਮਾਨ ਕੌਣ ਸਾਂਭੇਗਾ ਅਜੇ ਤੱਕ ਇਸ ਬਾਰੇ ਕਿਸੇ ਦੀ ਚੋਣ ਨਹੀਂ ਕੀਤੀ ਗਈ ਹੈ। ਹਾਲਾਂਕਿ ਇੱਕ ਸਪਸ਼ਟ ਬਦਲ ਨਜ਼ਰ ਆ ਰਿਹਾ ਹੈ ਪਰ ਸ਼ਾਇਦ ਕੋਈ ਹੋਰ ਲਿਬਰਲਾਂ ਨੂੰ ਵਧੇਰੇ ਮੁਆਫਕ ਬੈਠੇ, ਇਸ ਲਈ ਅਜੇ ਇਸ ਪਾਸੇ ਕੋਈ ਜ਼ੋਰ ਨਹੀਂ ਲਾਇਆ ਜਾ ਰਿਹਾ।

ਕੈਨੇਡੀਅਨ ਫੋਰਸਿਜ਼ ਕਾਲਜ ਪ੍ਰੋਫੈਸਰ ਐਲਨ ਓਕਰੌਸ ਨੇ ਆਖਿਆ ਕਿ ਆਮ ਤੌਰ ਉੱਤੇ ਇਹ ਮੰਨਿਆ ਜਾਂਦਾ ਹੈ ਕਿ ਜਿਸ ਸ਼ਖਸ ਨੇ ਤਿੰਨ ਸਟਾਰ ਹਾਸਲ ਕਰਨ ਤੱਕ ਦਾ ਮੁਕਾਮ ਹਾਸਲ ਕੀਤਾ ਹੋਵੇ ਉਹ ਇਸ ਅਹੁਦੇ ਨੂੰ ਚੰਗੀ ਤਰ੍ਹਾਂ ਸਾਂਭ ਸਕਦਾ ਹੈ। ਪਰ ਲਿਬਰਲਾਂ ਦੀ ਤਰਜੀਹ ਕਿਸ ਪਾਸੇ ਵੱਲ ਹੈ ਗੱਲ ਇੱਥੇ ਆ ਕੇ ਮੁੱਕਦੀ ਹੈ।

# ਵੈਸਟਨ ਵਿਲੇਜ ਵਿੱਚ ਛੁਰੇਬਾਜ਼ੀ ਵਿੱਚ 3 ਹਲਾਕ

ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਦੁਪਹਿਰ ਨੂੰ ਟੋਰਾਂਟੋ ਦੇ ਵੈਸਟਨ ਵਿਲੇਜ ਵਿੱਚ ਛੁਰੇਬਾਜ਼ੀ ਦੀ ਇੱਕ ਘਟਨਾ ਵਿੱਚ ਤਿੰਨ ਵਿਅਕਤੀ ਮਾਰੇ ਗਏ।



ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਚਰਚ ਸਟਰੀਟ ਤੇ ਕਿੰਗ ਜਾਰਜ ਰੋਡ ਇਲਾਕੇ ਵਿੱਚ ਰਾਤੀਂ 2:30 ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਮਹਿਲਾ ਤੇ ਪੁਰਸ਼ ਦੀਆਂ ਲਾਸ਼ਾਂ ਮਿਲੀਆਂ। ਜਾਂਚਕਾਰਾਂ ਨੂੰ ਇਸ ਥਾਂ ਤੋਂ ਥੋੜ੍ਹੀ ਦੂਰ ਵੈਸਟਨ ਯੂਪੀ ਐਕਸਪ੍ਰੈੱਸ ਸਟੇਸ਼ਨ ਨੇੜੇ ਗੋ ਟਰੇਨ ਦੇ ਟਰੈਕਸ ਉੱਤੇ ਇਸ ਜੁਰਮ ਨਾਲ ਸਬੰਧਤ ਇੱਕ ਹੋਰ ਮਾਮਲਾ ਵੇਖਣ ਨੂੰ ਮਿਲਿਆ।

ਉੱਥੋਂ ਇੱਕ ਵਿਅਕਤੀ ਦੀ ਲਾਸ਼ ਮਿਲੀ। ਹਾਲਾਂਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਉਸ ਵਿਅਕਤੀ ਦੀ ਮੌਤ ਟਰੇਨ ਦੀ ਚਪੇਟ ਵਿੱਚ ਆਉਣ ਕਾਰਨ ਹੋਈ ਜਾਂ ਉਸ ਨੇ ਖੁਦਕੁਸ਼ੀ ਕੀਤੀ। ਪੁਲਿਸ ਨੇ ਇਸ ਘਟਨਾ ਵਿੱਚ ਮਰਨ ਵਾਲਿਆਂ ਦੀ ਸ਼ਨਾਖ਼ਤ ਕਰ ਲਈ ਹੈ। ਮਾਰੇ ਗਏ ਵਿਅਕੀਤਆਂ ਵਿੱਚ 64 ਸਾਲਾ ਜੋਆਓ ਬਾਰਸੇਲੌਸ ਤੇ 59 ਸਾਲਾ ਈਵਾ ਬਾਰਸੇਲੌਸ ਸ਼ਾਮਲ ਹਨ। ਇਸ ਥਾਂ ਤੋਂ ਨੇੜੇ ਹੀ ਮ੍ਰਿਤਕ ਮਿਲਿਆ ਵਿਅਕਤੀ ਇਸ ਜੋੜੇ ਦਾ ਲੜਕਾ 28 ਸਾਲਾ ਤਿਬੇਰੋ ਬਾਸੇਲੌਸ ਦੱਸਿਆ ਜਾਂਦਾ ਹੈ। ਪੁਲਿਸ ਨੇ ਦੱਸਿਆ ਕਿ ਇਹ ਆਪਣੇ ਮਾਪਿਆਂ ਨਾਲ ਨਹੀਂ ਸੀ ਰਹਿੰਦਾ ਪਰ ਉਨ੍ਹਾਂ ਦੇ ਕਤਲ ਵਿੱਚ ਇਹੀ ਮਸ਼ਕੂਕ ਸੀ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance · Super Visa Insurance · Critical illness Ins · Mortgage Insurance · Travel & Visitor Ins · Disability Insurance · RESP & TFSA & RRSP · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre · Avon Financial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets · Completly Furnished Legal Basement · Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ 647-784-1213 www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
License $69 Toll Free: 1 855 230 0001
7033 Telford Way, Unit # 4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CALL: 905-793-2202
You can Place Your Business Here To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਸਾਬਕਾ ਲਿਬਰਲ ਐਮਪੀ ’ਤੇ ਆਰ ਸੀ ਐਮ ਪੀ ਨੇ ਲਾਏ ਚਾਰਜਿਜ਼

ਓਟਵਾ, 13 ਸਤੰਬਰ (ਪੋਸਟ ਬਿਊਰੋ) : ਆਰਸੀਐਮਪੀ ਨੇ ਸਾਬਕਾ ਲਿਬਰਲ ਐਮਪੀ ਰਾਜ ਗਰੇਵਾਲ ਨੂੰ ਵਿਸ਼ਵਾਸ ਤੋੜਨ ਦੇ ਚਾਰ ਮਾਮਲਿਆਂ ਤੇ 5000 ਡਾਲਰ ਤੋਂ ਵੱਧ ਦੇ ਫਰਾਡ ਦੇ ਮਾਮਲੇ ਵਿੱਚ ਚਾਰਜ ਕੀਤਾ ਹੈ।

ਆਰਸੀਐਮਪੀ ਨੇ ਆਖਿਆ ਕਿ ਇਹ ਚਾਰਜਿਜ਼ ਸਤੰਬਰ 2017 ਵਿੱਚ ਸ਼ੁਰੂ ਹੋਈ ਮੁਜਰਮਾਨਾ ਜਾਂਚ ਦਾ ਹੀ ਨਤੀਜਾ ਹਨ। ਜ਼ਿਕਰਯੋਗ ਹੈ ਕਿ ਉਸ ਸਮੇਂ ਆਰਸੀਐਮਪੀ ਨੂੰ ਗਰੇਵਾਲ ਦੇ ਐਮਪੀ ਰਹਿੰਦਿਆਂ ਕਥਿਤ ਤੌਰ ਉੱਤੇ ਸ਼ੱਕੀ ਲੈਣ-ਦੇਣ ਕਰਨ ਦੇ ਮਾਮਲੇ ਵਿੱਚ ਐਲਰਟ ਕੀਤਾ ਗਿਆ ਸੀ। ਇੱਕ ਨਿਊਜ਼ ਰਲੀਜ਼ ਵਿੱਚ ਆਰਸੀਐਮਪੀ ਨੇ ਆਖਿਆ ਕਿ ਉਸ ਸਮੇਂ ਇਹ ਦੋਸ਼ ਲਾਇਆ ਗਿਆ ਸੀ ਕਿ ਗਰੇਵਾਲ ਵੱਲੋਂ ਕਈ ਮਿਲੀਅਨ ਡਾਲਰ ਦਾ ਨਿਜੀ ਲੋਨ ਲਿਆ ਗਿਆ ਸੀ ਪਰ ਉਹ ਇਸ ਦੀ



ਰਸੀਦ ਐਥਿਕਸ ਕਮਿਸ਼ਨਰ ਨੂੰ ਵਿਖਾਉਣ ਵਿੱਚ ਅਸਫਲ ਰਹੇ ਸਨ।ਅਜਿਹੇ ਹਾਲਾਤ ਵਿੱਚ ਉਨ੍ਹਾਂ ਉੱਤੇ ਬ੍ਰੀਚ ਆਫ ਟਰਸਟ ਦਾ ਦੋਸ਼ ਲਾਇਆ ਗਿਆ ਸੀ।

ਇਹ ਵੀ ਆਖਿਆ ਗਿਆ ਕਿ ਗਰੇਵਾਲ ਵੱਲੋਂ ਇਹ ਲੋਨ ਆਪਣੇ ਨਿਜੀ ਫਾਇਦੇ ਲਈ ਆਪਣੇ ਪਬਲਿਕ ਆਫਿਸ ਦੀ ਵਰਤੋਂ ਕਰਦਿਆਂ ਹੋਇਆਂ ਲਏ ਗਏ। ਇਸ ਤੋਂ ਇਲਾਵਾ ਇਹ ਦੋਸ਼ ਵੀ ਲਾਏ ਗਏ ਸਨ ਕਿ ਉਨ੍ਹਾਂ ਸਰਕਾਰ ਵੱਲੋਂ ਦਿੱਤੇ ਹਲਕਾ ਆਫਿਸ ਸਬੰਧੀ ਫੰਡਾਂ ਨੂੰ ਵੀ ਆਪਣੇ ਨਿਜੀ ਫਾਇਦੇ ਲਈ ਵਰਤਿਆ। ਅਜਿਹਾ ਕਰਕੇ ਉਨ੍ਹਾਂ ਮੁਜਰਮਾਨਾ ਫਰਾਡ ਜਾਂ ਬ੍ਰੀਚ ਆਫ ਟਰਸਟ ਕੀਤਾ।

ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਗਰੇਵਾਲ ਨੇ ਨਵੰਬਰ 2018 ਵਿੱਚ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਆਖਿਆ ਸੀ ਕਿ ਉਹ ਨਿਜੀ ਤੇ ਮੈਡੀਕਲ ਕਾਰਨ ਕਰਕੇ ਅਸਤੀਫਾ ਦੇ ਰਹੇ ਹਨ। ਉਸ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਸੀ ਕਿ ਗਰੇਵਾਲ ਨੂੰ ਕਈ ਗੰਭੀਰ ਨਿਜੀ ਚੁਣੌਤੀਆਂ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ, ਇਹ ਭਾਵੇਂ ਔਖਾ ਫੈਸਲਾ ਹੈ ਪਰ ਸਹੀ ਹੈ। ਗਰੇਵਾਲ ਨੇ 2019 ਵਿੱਚ ਦੁਬਾਰਾ ਚੋਣਾਂ ਵਿੱਚ ਹਿੱਸਾ ਨਹੀਂ ਲਿਆ।

# ਮੈਲਬੌਰਨ ਵਿੱਚ ਲਾਕਡਾਊਨ ਦੇ ਖਿਲਾਫ਼ ਰੋਸ ਪ੍ਰਦਰਸ਼ਨ, 74 ਜਣੇ ਗ੍ਰਿਫ਼ਤਾਰ, 176 ਨੂੰ ਜੁਰਮਾਨਾ

ਮੈਲਬੌਰਨ, 13 ਸਤੰਬਰ, (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਕੋਰੋਨਾ ਵਾਇਰਸ ਦੇ ਡਰ ਹੇਠ ਲਾਈਆਂ ਪਾਬੰਦੀਆਂਦਾ ਵਿਰੋਧ ਹੋਣ ਲੱਗ ਪਿਆ ਹੈ। ਇਸ ਐਤਵਾਰ ਕਈ ਥਾਂ ਲੋਕਾਂ ਨੇ ਇਸ ਵਿਰੁੱਧ ਰੋਸ ਪ੍ਰਗਟ ਕੀਤਾ ਹੈ। ਆਸਟਰੇਲੀਆ ਦੇ ਵਿਕਟੋਰੀਆ ਵਿੱਚ ਪੁਲਿਸ ਨੇ ਇਕ ਲਾਕਡਾਊਨ ਵਿਰੋਧੀ ਰੈਲੀ ਦੌਰਾਨ 74 ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ 176 ਲੋਕਾਂ ਨੂੰ ਜੁਰਮਾਨੇ ਕੀਤੇ ਹਨ। ਇਸ ਮੌਕੇ ਅਧਿਕਾਰੀਆਂ ਅਤੇ ਪ੍ਰਦਰਸ਼ਨਕਾਰੀਆਂ ਦੀ ਝੜਪ ਵੀ ਹੋਈ ਹੈ।

ਪ੍ਰਸ਼ਾਸਨ ਤੇ ਪੁਲਸ ਅਧਿਕਾਰੀਆਂ ਦੇ ਦੱਸਣ ਮੁਤਾਬਕ 250 ਤੋਂ ਵੱਧ ਲੋਕ ਕੁਈਨ ਵਿਕਟੋਰੀਆ ਮਾਰਕੀਟ ਵਿਚ ਇਕੱਠੇ ਹੋਏ ਤੇ ਰੈਲੀ ਕੀਤੀ ਹੈ।




ਸੈਂਕੜੇ ਲੋਕ ਮੈਲਬੌਰਨ ਵਿਚ ਚੱਲਦੇ ਸਟੇਜ-4 ਲਾਕਡਾਊਨ ਦੇ ਵਿਰੁੱਧ ‘ਫਰੀਡਮ ਵਾਕ’ ਵਾਸਤੇ ਕਈ ਗਰੁੱਪਾਂ ਵਿਚ ਆਏ ਸਨ। ਪੁਲਿਸ ਦੇਮੁਤਾਬਕ ਬਰੁਡ ਈਸਟ ਦਾ ਇੱਕ 44 ਸਾਲਾ ਵਿਅਕਤੀ ਇਸ ਰੈਲੀ ਦੇ ਮੁੱਖ ਪ੍ਰਬੰਧਕਾਂ ਵਿਚੋਂਸੀ। ਉਹ ਹਿਰਾਸਤ ਵਿਚ ਹੈ ਅਤੇ ਉਸ ਉੱਤੇ ਦੋਸ਼ ਲਾਏ ਜਾ ਸਕਦੇ ਹਨ। ਉਸਦੇ ਘਰ ਦੀ ਤਲਾਸ਼ੀ ਲਈ ਗਈ ਹੈ।ਅੱਜ ਦੇ ਵਿਰੋਧ ਪ੍ਰਦਰਸ਼ਨਾਂ ਮੌਕੇ ਇੱਕ ਵਿਅਕਤੀ ਨੂੰ ਪੁਲਿਸ ਉੱਤੇ ਹਮਲਾ ਕਰਨ ਦੇ ਦੋਸ਼ ਹੇਠ ਫੜਿਆ ਗਿਆ ਹੈ।ਵਿਕਟੋਰੀਆ ਪੁਲਿਸ ਦੇਬਿਆਨ ਮੁਤਾਬਕ ‘ਬਹੁਤ ਸਾਰੇ ਪ੍ਰਦਰਸ਼ਨਕਾਰੀ ਹਮਲਾਵਰ ਸਨ ਤੇ ਅਧਿਕਾਰੀਆਂ ਨੂੰ ਹਿੰਸਾ ਦੀ ਧਮਕੀ ਦਿੰਦੇ ਸਨ।’ ਬਿਆਨ ਵਿਚ ਇਹ ਕਿਹਾ ਗਿਆ ਹੈ ਕਿ ਇਹ ਦੇਖਣਾ ਬਹੁਤ ਨਿਰਾਸ਼ਾਜਨਕ ਸੀ ਕਿ ਲੋਕਾਂ ਨੇ ਸਿਰਫ ਵਿਰੋਧ ਪ੍ਰਦਰਸ਼ਨ ਨਹੀਂ ਕੀਤਾ, ਸਗੋਂ ਸਾਰੀਆਂ ਚੇਤਾਵਨੀਆਂ ਦੇ ਬਾਵਜੂਦ ਦੂਸਰੇ ਵਿਕਟੋਰੀਅਨ ਲੋਕਾਂ ਦੀ ਜਾਨ ਨੂੰ ਖਤਰਾ ਖੜ੍ਹਾ ਕੀਤਾ ਹੈ।’ਪਤਾ ਲੱਗਾ ਹੈ ਕਿ ਵਿਕਟੋਰੀਆ ਸੀ ਬੀ ਡੀ ਵਿਚ ਪੀਲ ਸਟਰੀਟ ਉੱਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਦਾ ਇਕ ਗਰੁੱਪ ਇਕੱਠਾ ਹੋਇਆ ਸੀ ਤੇ ਉਨ੍ਹਾਂ ਕੋਲ ਹਥਿਆਰ ਸਨ।ਅਧਿਕਾਰੀਆਂ ਨੇ ਭਾਰੀ ਹਥਿਆਰਾਂ ਨਾਲ ਲੈਸ ਇਕ ਆਦਮੀ ਨੂੰ ਖਿੱਚਦੇ ਦੇਖਿਆ ਗਿਆ। ਜਦੋਂ ਇਹ ਲੋਕ ਅੰਦਰੂਨੀ ਸ਼ਹਿਰ ਵਿਚ ਅਦਾਲਤ ਨੇੜੇ ਮਾਰਚ ਕਰ ਰਹੇ ਸਨਤਾਂ ਇਕ ਹੋਰ ਗਰੁੱਪ ਨੂੰ ‘ਆਜ਼ਾਦੀ’ ਦੇ ਨਾਅਰੇ ਲਾਉਂਦਾ ਸੁਣਿਆ ਗਿਆ,।

ਸਮਝਿਆ ਜਾਂਦਾ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਸਰਹੱਦੀ ਪਾਬੰਦੀਆਂ ਦੀ ਉਲੰਘਣਾ ਕਰ ਕੇ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਮੈਲਬੌਰਨ ਤੱਕ ਯਾਤਰਾ ਕੀਤੀ ਹੈ। ਇਕ ਮਾਂ-ਧੀ, ਜਿਹੜੀਆਂ ਮੈਲਬੌਰਨ ਦੇ ਉੱਤਰ ਵਿਚੋਂ ਦੋ ਘੰਟੇ ਦੂਰੀ ਉੱਤੇਪੈਂਦੇ ਬੇਂਦਿਗੋ ਤੋਂ ਆਈਆਂ ਸਨ, ਨੇ ਪੁਲਿਸ ਨੂੰ ਦੱਸਿਆ ਕਿ ਜੇ ਉਨ੍ਹਾਂ ਨੂੰ ਜੁਰਮਾਨਾ ਲਾਇਆ ਜਾਂਦਾ ਹੈ ਤੇ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਇਹ ਓਦੋਂ ਹੋਇਆ, ਜਦੋਂ ਮੈਲਬੌਰਨ ਦੇ ਸੀ ਬੀ ਡੀ ਵਿਚ ਕੱਲ੍ਹ ਹੋਏ ਵਿਰੋਧ ਪ੍ਰਦਰਸ਼ਨਾਂ ਨੂੰ ਪ੍ਰਸ਼ਾਸਨ ਨੇ ਕੁਚਲ ਦਿੱਤਾ ਸੀ। ਅੱਜ ਅਧਿਕਾਰੀਆਂ ਨੇ ਭੀੜ ਤੋਂ ਬਚਣ ਦੀ ਕੋਸ਼ਿਸ਼ ਦੇ ਲਈ ਵਿਰੋਧ ਪ੍ਰਦਰਸ਼ਨ ਨੂੰ ਛੋਟੇ ਟੋਲਿਆਂ ਦੀ ਇੱਕ ਲੜੀ ਵਿਚ ਤੋੜ ਦਿੱਤਾ।ਵਿਕਟੋਰੀਆ ਦੇ ਪ੍ਰੀਮੀਅਰ ਡੈਨੀਅਲ ਐਂਡਰਿਊਜ਼ ਨੇ ਕਰੜੇ ਹੱਥੀਂ ਸਿੱਝਣ ਦੇ ਦੋਸ਼ਾਂ ਵਿਚਕਾਰ ਪੁਲਿਸ ਦੀ ਪ੍ਰਸ਼ੰਸਾ ਕੀਤੀ ਹੈ।

## ਟੀਡੀਐਸਬੀ ਵੱਲੋਂ ਸਕੂਲ ਸ਼ੁਰੂ ਕਰਨ ਵਿੱਚ ਹੋਰ ਦੇਰ ਦਾ ਐਲਾਨ



ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਜੀਟੀਏ ਵਿੱਚ ਸਕੂਲ ਯੀਅਰ ਦੀ ਸ਼ੁਰੂਆਤ ਕੋਈ ਬਹੁਤੀ ਵਧੀਆ ਨਹੀਂ ਹੋਈ ਹੈ। ਪ੍ਰੋਵਿੰਸ ਦੇ ਵੱਡੇ ਸਕੂਲ ਬੋਰਡ ਦੇ ਵਿਦਿਆਰਥੀਆਂ ਨੂੰ ਆਪਣੀ ਕਲਾਸ ਦੇ ਪਹਿਲੇ ਦਿਨ ਲਈ ਹੋਰ ਉਡੀਕ ਕਰਨੀ ਪੈ ਸਕਦੀ ਹੈ।

ਦ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਮਾਪਿਆਂ ਤੇ ਗਾਰਡੀਅਨਜ਼ ਨੂੰ ਇੱਕ ਪੱਤਰ ਭੇਜ ਕੇ ਆਖਿਆ ਹੈ ਕਿ ਐਲੀਮੈਂਟਰੀ ਵਿਦਿਆਰਥੀਆਂ ਲਈ ਵੀ ਵਰਚੂਅਲ ਲਰਨਿੰਗ 17 ਸਤੰਬਰ ਤੱਕ ਡਿਲੇਅ ਕੀਤੀ ਜਾਵੇਗੀ। ਅਜਿਹਾ 66000 ਪਰਿਵਾਰਾਂ ਵੱਲੋਂ ਵਰਚੂਅਲ ਲਰਨਿੰਗ ਚੁਣੇ ਜਾਣ ਕਾਰਨ ਹੋਇਆ। ਟੀਡੀਐਸਬੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਾਰੇ ਸਟਾਫ ਤੇ ਵਿਦਿਆਰਥੀਆਂ ਲਈ ਪੂਰੀ ਸਥਿਰਤਾ ਨਾਲ ਸਕੂਲ ਖੋਲ੍ਹਣੇ ਯਕੀਨੀ ਬਣਾਉਣੇ ਹਨ।

ਪੱਤਰ ਵਿੱਚ ਇਹ ਵੀ ਆਖਿਆ ਗਿਆ ਕਿ ਸਕੂਲ ਖੁੱਲ੍ਹਣ ਬਾਰੇ ਸਾਰੀ ਜਾਣਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਵੇਗੀ।

# ਸੈਲਫ ਆਈਸੋਲੇਸ਼ਨ ਸੈਂਟਰ ਲਈ ਟੋਰਾਂਟੋ ਨੂੰ 13.9 ਮਿਲੀਅਨ ਡਾਲਰ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ

ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਉਨ੍ਹਾਂ ਲੋਕਾਂ ਲਈ ਕੋਵਿਡ-19 ਸੈਂਟਰ ਖੋਲ੍ਹਣ ਜਾ ਰਿਹਾ ਹੈ ਜਿਹੜੇ ਖੁਦ ਨੂੰ ਸੈਲਫ-ਆਈਸੋਲੇਟ ਨਹੀਂ ਕਰ ਸਕਦੇ।

ਫੈਡਰਲ ਸਰਕਾਰ ਵੱਲੋਂ ਇਸ ਸੈਂਟਰ ਲਈ 13.9 ਮਿਲੀਅਨ ਡਾਲਰ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਨਾਲ 12 ਮਹੀਨਿਆਂ ਦਾ ਖਰਚਾ ਕਵਰ ਹੋ ਜਾਵੇਗਾ। ਟੋਰਾਂਟੋ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿੱਲਾ ਦਾ ਕਹਿਣਾ ਹੈ ਕਿ ਇਹ ਸੈਂਟਰ ਇੱਕ ਹੋਟਲ ਦੇ ਅੰਦਰ ਹੈ ਤੇ ਇਸ ਲਈ 140 ਕਮਰੇ ਰੱਖੇ ਗਏ ਹਨ। ਇਸ ਨੂੰ ਇਸ ਵੀਕੈਂਡ ਖੋਲ੍ਹਿਆ ਜਾਵੇਗਾ। ਉਨ੍ਹਾਂ ਸਾਈਟ ਦੀ ਲੋਕੇਸ਼ਨ ਬਾਰੇ ਕੋਈ ਚਾਨਣਾ ਨਹੀਂ ਪਾਇਆ।

ਇਸ ਫੈਸਿਲਿਟੀ ਉੱਤੇ ਲੋਕਾਂ ਨੂੰ ਰੋਜ਼ਾਨਾ ਖਾਣਾ, ਬੈੱਡ, ਸਾਫ ਸੁਥਰਾ ਮਾਹੌਲ ਤੇ ਹੋਰ ਸਮਾਨ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਦਾ ਟੋਰਾਂਟੋ ਪਬਲਿਕ ਹੈਲਥ ਸਟਾਫ ਵੱਲੋਂ ਫੋਨ ਉੱਤੇ ਨਿਯਮਿਤ ਤੌਰ ਉੱਤੇ ਧਿਆਨ ਰੱਖਿਆ ਜਾਵੇਗਾ। ਡਾ. ਡੀ ਵਿੱਲਾ ਨੇ ਆਖਿਆ ਕਿ ਇਸ ਸੈਂਟਰ ਦੀ ਵਰਤੋਂ ਕੌਣ ਕਰੇਗਾ ਇਸ ਦਾ ਫੈਸਲਾ ਟੋਰਾਂਟੋ ਪਬਲਿਕ ਹੈਲਥ ਕਰੇਗਾ।

ਬੋਰਡ ਆਫ ਹੈਲਥ ਦੇ ਚੇਅਰ ਜੋਅ ਕ੍ਰੈਸੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਕੋਵਿਡ-19 ਮਹਾਂਮਾਰੀ ਦੀ ਸ਼ੁਰੂਆਤ ਵਿੱਚ ਡਾਕਟਰਾਂ ਤੇ ਪਬਲਿਕ ਹੈਲਥ ਮਾਹਿਰਾਂ ਨੇ ਇਹ ਆਖਿਆ ਸੀ ਕਿ ਜੇ ਕੋਈ ਵਿਅਕਤੀ ਕੋਵਿਡ-19 ਪਾਜ਼ੀਟਿਵ ਪਾਇਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਘਰ ਵਿੱਚ ਸੈਲਫ ਆਈਸੋਲੇਟ ਹੋਣਾ




ਚਾਹੀਦਾ ਹੈ, ਉਹ ਵੀ ਵੱਖਰੇ ਬੈੱਡਰੂਮ ਤੇ ਬਾਥਰੂਮ ਨਾਲ, ਆਪਣੇ ਘਰਦਿਆਂ ਤੋਂ ਪਾਸੇ ਹੋ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਟੋਰਾਂਟੋ ਦੇ ਬਹੁਤੇ ਘਰਾਂ ਵਿੱਚ ਇਹ ਸਾਰੀਆਂ ਸਹੂਲਤਾਂ ਨਹੀਂ ਹਨ। ਜਦੋਂ ਪਰਿਵਾਰਕ ਮੈਂਬਰਾਂ ਤੋਂ ਦੂਰ ਖੁਦ ਨੂੰ ਸੈਲਫ ਆਈਸੋਲੇਟ ਨਹੀਂ ਕਰ ਸਕਦਾ ਤਾਂ ਘਰ ਵਿੱਚ ਕੋਵਿਡ-19 ਫੈਲਣ ਦਾ ਡਰ ਵੱਧ ਜਾਂਦਾ ਹੈ।

ਕੈਨੇਡਾ ਦੀ ਸਿਹਤ ਮੰਤਰੀ ਪੈਟੀ ਹਾਜਦੂ ਨੇ ਆਖਿਆ ਕਿ ਜੇ ਕਿਸੇ ਹੋਰ ਸਿਟੀ ਨੂੰ ਇਸ ਤਰ੍ਹਾਂ ਦੀ ਸਾਈਟ ਦੀ ਲੋੜ ਹੈ ਤਾਂ ਫੈਡਰਲ ਸਰਕਾਰ ਉਨ੍ਹਾਂ ਦੀ ਮਦਦ ਕਰਨ ਲਈ ਤਿਆਰ ਹੈ। ਕਮਿਊਨਿਟੀ ਟਰਾਂਸਮਿਸ਼ਨ ਨੂੰ ਰੋਕਣ ਲਈ ਇਸ ਤਰ੍ਹਾਂ ਦੀਆਂ ਸਾਈਟਸ ਦੀ ਵਰਤੋਂ ਪਹਿਲਾਂ ਨਿਊ ਯੌਰਕ, ਸ਼ਿਕਾਗੋ, ਵੂਹਾਨ ਤੇ ਚੀਨ ਵਿੱਚ ਹੋ ਚੁੱਕੀ ਹੈ।

## ਬਿਲਡਿੰਗ ਵਿੱਚ ਮੋਟਰਸਾਈਕਲ ਟਕਰਾ ਜਾਣ ਕਾਰਨ ਇੱਕ ਮਹਿਲਾ ਹੋਈ ਗੰਭੀਰ ਜ਼ਖ਼ਮੀ




ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਕੀਲ ਸਟਰੀਟ ਅਤੇ ਹਾਈਵੇਅ 401 ਨੇੜੇ ਇੱਕ ਮੋਟਰਸਾਈਕਲ ਦੇ ਬਿਲਡਿੰਗ ਨਾਲ ਟਕਰਾ ਜਾਣ ਕਾਰਨ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਟੋਰਾਂਟੋ ਪੁਲਿਸ ਨੂੰ ਕੀਲ ਤੇ ਫਾਲਸਟਾਫ ਐਵਨਿਊ ਵਿਖੇ ਰਾਤੀਂ 7:30 ਵਜੇ ਸੱਦਿਆ ਗਿਆ। ਪੁਲਿਸ ਦਾ ਮੰਨਣਾ ਹੈ ਕਿ ਮੋਟਰਸਾਈਕਲ ਰਾਈਡਰ ਬਾਈਕ ਤੋਂ ਆਪਣਾ ਕੰਟਰੋਲ ਗੁਆ ਬੈਠਿਆ, ਜਿਸ ਕਾਰਨ ਇਹ ਹਾਦਸਾ ਹੋਇਆ। ਮਹਿਲਾ ਮੋਟਰਸਾਈਕਲਿਸਟ, ਆਪਣੇ 50ਵਿਆਂ ਵਿੱਚ ਮੰਨੀ ਜਾ ਰਹੀ ਹੈ, ਨੂੰ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਤੇ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ।

# ਕੁਈਨ ਤੇ ਪੋਰਟਲੈਂਡ ਸਟਰੀਟਸ ’ਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ




ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਫੈਸ਼ਨ ਡਿਸਟ੍ਰਿਕਟ ਵਿੱਚ ਸ਼ਨਿੱਚਰਵਾਰ ਸ਼ਾਮ ਨੂੰ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਸ਼ ਲੇਨ ਨੇੜੇ ਕੁਈਨ ਸਟਰੀਟ ਵੈਸਟ ਦੇ ਦੱਖਣ ਵਿੱਚ ਪੋਰਟਲੈਂਡ ਸਟਰੀਟ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਸ਼ਾਮੀਂ 6:16 ਉੱਤੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜਿਸ ਦੀ ਛਾਤੀ ਤੇ ਖੱਬੀ ਬਾਂਹ ਉੱਤੇ ਕਿਸੇ ਤਿੱਖੀ ਚੀਜ਼ ਨਾਲ ਵਾਰ ਕੀਤੇ ਗਏ ਸਨ, ਨੂੰ ਉਹ ਹਸਪਤਾਲ ਲੈ ਕੇ ਗਏ।

ਜਾਂਚਕਾਰਾਂ ਨੇ ਦੱਸਿਆ ਕਿ ਮਸ਼ਕੂਕ ਸਾਈਕਲ ਉੱਤੇ ਮੌਕੇ ਤੋਂ ਫਰਾਰ ਹੋ ਗਿਆ। ਮਸ਼ਕੂਕ ਪੰਜ ਫੁੱਟ ਦਸ ਇੰਚ ਦਾ, 150 ਪਾਊਂਡ ਵਜ਼ਨ ਦਾ ਬਲੌਂਡ-ਗ੍ਰੇਅ ਵਾਲਾਂ ਵਾਲਾ ਵਿਅਕਤੀ ਦੱਸਿਆ ਗਿਆ ਹੈ। ਉਸ ਨੇ ਲਾਲ ਰੰਗ ਦਾ ਕੋਟ ਪਾਇਆ ਹੋਇਆ ਸੀ।

## ਵਿਆਹ ਦਾ ਝਾਂਸਾ ਦੇ ਕੇ ਵਿਧਵਾ ਨਾਲ ਬਲਾਤਕਾਰ

ਨਕੋਦਰ, 13 ਸਤੰਬਰ (ਪੋਸਟ ਬਿਊਰੋ)- ਵਿਆਹ ਦਾ ਝਾਂਸਾ ਦੇ ਕੇ ਔਰਤ ਨਾਲ ਬਲਾਤਕਾਰ ਦੇ ਦੋਸ਼ ਹੇਠ ਸਦਰ ਪੁਲਸ ਨੇ ਗੁਰਵਿੰਦਰ ਸਿੰਘ ਵਾਸੀ ਚੱਕ ਖੁਰਦ ਦੇ ਖਿਲਾਫ ਧਾਰਾ 420, 376 ਅਧੀਨ ਕੇਸ ਦਰਜ ਕੀਤਾ ਹੈ। ਸਦਰ ਥਾਣੇ ਦੇ ਇਕ ਪਿੰਡ ਦੀ ਵਸਨੀਕ ਔਰਤ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ, ਜਿਸ ਤੋਂ ਬਾਅਦ ਉਹ ਜੀਵਨ ਸਾਥੀ ਦੀ ਤਲਾਸ਼ ਕਰ ਰਹੀ ਸੀ ਕਿ ਸੋਸ਼ਲ ਮੀਡੀਆ ਤੋਂ ਦੋਸ਼ੀ ਗੁਰਵਿੰਦਰ ਸਿੰਘ ਵਾਸੀ ਚੱਕ ਖੁਰਦ ਉਸ ਦੇ ਸੰਪਰਕ ਵਿੱਚ ਆਇਆ, ਜੋ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਪਿਛਲੇ ਇੱਕ ਸਾਲ ਤੋਂ ਸਰੀਰਕ ਸਬੰਧ ਬਣਾਉਂਦਾ ਰਿਹਾ। ਉਸ ਨੇ ਦੱਸਿਆ ਕਿ ਦੋਸ਼ੀ ਦੇ ਮਾਤਾ-ਪਿਤਾ ਨੇ ਵੀ ਵਿਆਹ ਦਾ ਯਕੀਨ ਦਿਵਾਇਆ ਸੀ, ਪਰ ਵਿਆਹ ਨਹੀਂ ਕੀਤਾ ਤੇ ਉਸ ਦਾ ਨੰਬਰ ਬਲਾਕ ਕਰ ਦਿੱਤਾ ਹੈ। ਇਸ ਬਾਰੇ ਪੁਲਸ ਨੇ ਜਾਂਚ ਉਪਰੰਤ ਗੁਰਵਿੰਦਰ ਸਿੰਘ ਵਾਸੀ ਚੱਕ ਖੁਰਦ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
HELP WANTED
DUNDAS·JAFINE
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

## ਅੱਜ ਨਾਮਾ

ਮਸਲਾ ਵਧੀ ਪਰਦੂਸ਼ਣ ਦਾ ਜਾਏ ਚੋਖਾ,
ਵਿੱਚ ਕਾਬੂ ਦੇ ਅਜੇ ਨਹੀਂ ਆਏ ਮੀਆਂ।
ਵਹਿੰਦਾ ਗੰਦ ਵੀ ਬਿਨਾ ਟਰੀਟ ਕਰਿਆਂ,
ਲੁਕਵੇਂ ਪਾਈਪ ਨੇ ਪਏ ਵਿਛਾਏ ਮੀਆਂ।
ਵੇਈਂ, ਚੋਅ ਨਾ ਬਚੀ ਹੈ ਕੋਈ ਦੀਂਹਦੀ,
ਸਭ ਹੀ ਗੰਦ ਦੇ ਵਹਿਣ ਬਣਾਏ ਮੀਆਂ।
ਜ਼ਿੰਮਾ ਆਪਣਾ ਸਮਝਦਾ ਕੋਈ ਹੈ ਨਹੀਂ,
ਜਾਂਦੇ ਈ ਦੂਜਿਆਂ 'ਤੇ ਦੋਸ਼ ਲਾਏ ਮੀਆਂ।
ਇਹੋ ਹਾਲ ਪਰਦੂਸ਼ਣ ਦਾ ਰਿਹਾ ਜੇਕਰ,
ਵਧਦੀ ਰੋਗਾਂ ਦੀ ਜਾਊਗੀ ਕਾਂਗ ਮੀਆਂ।
ਓਦੋਂ ਤੀਕਰ ਨਹੀਂ ਲੱਗਣੀ ਰੋਕ ਏਹਨੂੰ,
ਲੋਕਾਂ ਚੁੱਕੀ ਨਾ ਜਦੋਂ ਤੱਕ ਡਾਂਗ ਮੀਆਂ।

**ਤੀਸ ਮਾਰ ਖਾਂ**

# ਅਕਾਲ ਤਖਤ ਦੇ ਜਥੇਦਾਰ ਨੇ ਕਿਹਾ: ਸਿੱਖ ਸੁਰੱਖਿਅਤ ਨਹੀਂ ਹਨ, ਵੱਖਰਾ ਘਰ ਚਾਹੀਦੈ



ਅੰਮ੍ਰਿਤਸਰ, 13 ਸਤੰਬਰ, (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਏਥੇ ਕਿਹਾ ਕਿ ਅਜੋਕੇ ਸਮੇਂ ਵਿਚ ਨਾ ਸਿੱਖਾਂ ਦੇ ਧਰਮ ਗ੍ਰੰਥ, ਨਾ ਸਿੱਖਾਂ ਦੇ ਅਕੀਦੇ, ਨਾ ਸਿੱਖਾਂ ਦੀਆਂ ਮਰਿਆਦਾਵਾਂ, ਨਾ ਸਿੱਖਾਂ ਦੇ ਧਾਰਮਿਕ ਸਥਾਨ ਅਤੇ ਨਾ ਸਿੱਖ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਸਿੱਖ ਸਦਾ ਭਾਰਤ ਵਿੱਚ ਰਹਿਣਾ ਪਸੰਦ ਕਰਦੇ ਆਏ ਹਨ, 1947 ਦੀ ਵੰਡ ਵੇਲੇ ਵੀ ਭਾਰਤ ਵਿੱਚ ਰਹਿਣ ਦਾ ਫ਼ੈਸਲਾ ਕੀਤਾ, ਉਹ ਆਪਣੇ ਆਪ ਨੂੰ ਭਾਰਤ ਵਿੱਚ ਸੁਰੱਖਿਅਤ ਮੰਨਦੇ ਸਨ, ਪਰ ਅਜੋਕੇ ਸਮੇਂ ਵਿੱਚ ਨਾ ਸਿੱਖ, ਨਾ ਉਨ੍ਹਾਂ ਦੇ ਧਾਰਮਿਕ ਗ੍ਰੰਥ, ਧਾਰਮਿਕ ਸਥਾਨ, ਮਰਿਆਦਾਵਾਂ ਸਿੱਖ ਪਰੰਪਰਾਵਾਂ, ਧਾਰਮਿਕ ਅਸਥਾਨ ਤੇ ਨਾ ਅਕੀਦੇ ਸੁਰੱਖਿਅਤ ਹਨ ਤੇ ਸਿੱਖ ਵੀ ਸੁਰੱਖਿਅਤ ਨਹੀਂ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸੇ ਲਈ ਸਿੱਖਾਂ ਵਿੱਚ ਮੰਗ ਉੱਠੀ ਹੈ ਕਿ ਵੱਖਰਾ ਘਰ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸੋਸ਼ਲ ਮੀਡੀਆ ਉੱਤੇ ਸਿੱਖਾਂ ਦੇ ਧਾਰਮਿਕ ਸਥਾਨਾਂ, ਸਿੱਖਾਂ ਦੇ ਗ੍ਰੰਥਾਂ, ਸਿੱਖਾਂ ਦੀਆਂ ਮਰਿਆਦਾਵਾਂ ਤੇ ਸਿੱਖ ਸ਼ਖਸੀਅਤਾਂ ਨੂੰ ਪ੍ਰਚਾਰ ਰਾਹੀਂ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਸੋਸ਼ਲ ਮੀਡੀਆ ਰਾਹੀਂ ਆਪਣਿਆਂ ਤੋਂ ਬਦਨਾਮ ਕਰਵਾਇਆ ਹੈ। ਸੋਸ਼ਲ ਮੀਡੀਆ ਰਾਹੀਂ ਵੱਖ ਵੱਖ ਸ਼ਖਸੀਅਤਾਂ ਦੇ ਖਿਲਾਫ ਪ੍ਰਚਾਰ ਦੀ ਮੁਹਿੰਮ ਜ਼ੋਰਾਂ ਉੱਤੇ ਚੱਲਦੀ ਹੈ। ਵਿਰੋਧੀਆਂ ਦਾ ਕੰਮ ਹੈ ਕਿ ਕਿਸੇ ਤਰ੍ਹਾਂ ਸਿੱਖਾਂ ਅਤੇ ਸਿੱਖਾਂ ਦੇ ਧਰਮ ਨੂੰ ਬਦਨਾਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਉੱਤੇ ਹਰ ਸਿੱਖ ਨੂੰ ਜੁਆਬਦੇਹ ਹੋਣਾ ਪੈਂਦਾ ਸੀ, ਇਸ ਲਈ ਸ੍ਰੀ ਅਕਾਲ ਤਖਤ ਨੂੰ ਨਿਸ਼ਾਨਾ ਬਣਾ ਕੇ ਉਸ ਨਾਲੋਂ ਸਿੱਖਾਂ ਨੂੰਵੱਖ ਕਰਨ ਦੀ ਸਾਜਿਸ਼ ਰਚੀ ਜਾ ਰਹੀ ਹੈ ਅਤੇ ਸਿੱਖ ਚਿਹਰੇ ਹੀ ਸਿੱਖਾਂ ਦਾ ਘਾਣ ਕਰ ਰਹੇ ਹਨ, ਆਪਣੇ ਲਾਭ ਲਈ ਸਿੱਖ ਵੱਖ ਵੱਖ ਜਥੇਬੰਦੀਆਂ ਬਣਾ ਰਹੇ ਹਨ। ਫਿਰ ਵੀ ਜਥੇਦਾਰ ਨੇ ਕਿਸੇ ਇਹੋ ਜਿਹੀ ਜਥੇਬੰਦੀ ਦਾ ਨਾਂਅ ਨਹੀਂ ਲਿਆ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 6 ਜੂਨ ਨੂੰ ਖਾਲਿਸਤਾਨ ਦੀ ਮੰਗ ਦੀ ਹਾਮੀ ਭਰਦਿਆਂ ਇਹ ਵੀ ਕਿਹਾ ਸੀ ਕਿ ਜੇ ਸਾਨੂੰ ਵੱਖਰਾ ਰਾਜ ਮਿਲਦਾ ਹੈ ਤਾਂ ਅਸੀਂ ਲੈ ਲਵਾਂਗੇ। ਅੱਜ ਉਨ੍ਹਾ ਨੇ ਇੱਕ ਵਾਰ ਫਿਰ ਸਿੱਖਾਂ ਦੇ ਵੱਖਰੇ ਘਰ ਦੀ ਗੱਲ ਕਹੀ ਹੈ।

## ਬਜ਼ੁਰਗ ਔਰਤ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਕੋਰਟ ਦਾ ਰਾਹਤ ਤੋਂ ਇਨਕਾਰ

ਬੰਗਲੂਰੂ, 13 ਸਤੰਬਰ (ਪੋਸਟ ਬਿਊਰੋ)- ਕਰਨਾਟਕ ਦੇ ਮੰਗਲੂਰੂ ਖੇਤਰ ਵਿੱਚ 69 ਸਾਲ ਦੀ ਬਜ਼ੁਰਗ ਔਰਤ ਨਾਲ ਬਲਾਤਕਾਰ ਦੇ ਕੇਸ ਵਿੱਚ ਕਰਨਾਟਕ ਹਾਈ ਕੋਰਟ ਨੇ ਇੱਕ ਬੜੀ ਅਹਿਮ ਟਿੱਪਣੀ ਕੀਤੀ ਹੈ। ਜਸਟਿਸ ਬੀ ਵੀਰੱਪਾ ਅਤੇ ਜਸਟਿਸ ਈ ਐਸ ਇੰਦਰੀਸ਼ ਦੀ ਬੈਂਚ ਨੇ ਬਲਾਤਕਾਰ ਦੇ ਦੋਸ਼ੀ ਨੂੰ ਰਾਹਤ ਤੋਂ ਨਾਂਹ ਕਰਦੇ ਹੋਏ ਕਿਹਾ ਕਿ ਸਮਾਂ ਆ ਗਿਆ ਹੈ ਕਿ ਦੇਸ਼ ਦੀਆਂ ਅਦਾਲਤਾਂ ਨੂੰ ਧਰਮ ਤੇ ਔਰਤਾਂ ਦੀ ਰੱਖਿਆ ਲਈ ਮਹਾਭਾਰਤ ਦੇ ਭਗਵਾਨ ਸ੍ਰੀ ਕ੍ਰਿਸ਼ਨ ਵਾਂਗ ਕੰਮ ਕਰਨਾ ਹੋਵੇਗਾ। ਕੋਰਟ ਨੇ ਬਲਾਤਕਾਰ ਦੇ ਦੋਸ਼ੀ ਨਾਗੇਸ਼ ਦੀ ਅਰਜ਼ੀ ਰੱਦ ਕਰਦੇ ਹੋਏ ਕਿਹਾ ਕਿ ਅਜਿਹਾ ਘਿਨਾਉਣਾ ਅਪਰਾਧ ਕਰਨ ਵਾਲੇ ਦੋਸ਼ੀ ਕਿਸੇ ਵੀ ਦ੍ਰਿਸ਼ਟੀ ਤੋਂ ਰਹਿਮ ਦੇ ਲਾਇਕ ਨਹੀਂ ਹਨ।

ਮੰਗਲੂਰੂ ਵਿੱਚ 2014 ਵਿੱਚ ਬਜ਼ੁਰਗ ਔਰਤ ਨਾਲ ਇੱਕ ਨੌਜਵਾਨ ਨਾਗੇਸ਼ (25) ਨੇ ਬਲਾਤਕਾਰ ਕੀਤਾ ਤੇ ਉਸ ਤੋਂ 5500 ਰੁਪਏ ਲੁੱਟ ਲਏ ਸਨ। ਇਸ ਕੇਸ ਵਿੱਚ ਮੰਗਲੂਰੂ ਦੀ ਸੈਸ਼ਨ ਕੋਰਟ ਨੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਕੀਤੀ ਸੀ। ਇਸੇ ਫੈਸਲੇ ਨੂੰ ਉਸ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਤਾਂ ਹਾਈ ਕੋਰਟ ਨੇ ਕਿਹਾ ਕਿ ਇਸ ਬਾਰੇ ਕਾਨੂੰਨ 1860 ਵਿੱਚ ਬਣਿਆ ਸੀ ਅਤੇ ਆਜ਼ਾਦੀ ਦੇ 74 ਸਾਲ ਪਿੱਛੋਂ ਵੀ ਔਰਤਾਂ ਸੁਰੱਖਿਅਤ ਨਹੀਂ। ਕੋਰਟ ਨੇ ਭਗਵਤ ਗੀਤਾ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਮਹਾਭਾਰਤ ਵਿੱਚ ਭਗਵਾਨ ਕ੍ਰਿਸ਼ਨ ਨੇ ਧਰਮ ਤੇ ਔਰਤ ਦੀ ਇਜ਼ੱਤ ਦੀ ਰਾਖੀ ਕੀਤੀ ਸੀ। ਸਮਾਂ ਆ ਗਿਆ ਹੈ ਕਿ ਕੋਰਟਾਂ ਵੀ ਬਲਾਤਕਾਰੀਆਂ ਅਤੇ ਕਾਨੂੰਨ ਤੋੜਨ ਵਾਲਿਆਂ ਨਾਲ ਸਖਤੀ ਨਾਲ ਨਿਪਟਣ। ਕੋਰਟ ਨੇ ਕਿਹਾ ਹੈ ਕਿ ਦੋਸ਼ੀ ਨੇ ਬੇਰਹਿਮ ਜਾਨਵਰ ਵਾਲਾ ਕੰਮ ਕੀਤਾ ਹੈ। ਉਸ ਨੂੰ ਕਿਸੇ ਵੀ ਤਰ੍ਹਾਂ ਰਹਿਮ ਦੇ ਲਾਇਕ ਨਹੀਂ ਮੰਨਿਆ ਜਾ ਸਕਦਾ।

## ਰਾਜਸਥਾਨ ਦੀ ਕਾਂਗਰਸ ਸਰਕਾਰ ਵਿੱਚ ਫਿਰ ਖਿੱਚੋਤਾਣ ਸ਼ੁਰੂ

*** ਸਚਿਨ ਪਾਇਲਟ ਨੇ ਮੁੱਖ ਮੰਤਰੀ ਗਹਿਲੋਤ ਨੂੰ ਚਿੱਠੀ ਲਿਖ ਮਾਰੀ**



ਜੈਪੁਰ, 13 ਸਤੰਬਰ, (ਪੋਸਟ ਬਿਊਰੋ)- ਰਾਜਸਥਾਨ ਕਾਂਗਰਸ ਵਿਚ ਇਕ ਵਾਰ ਫਿਰ ਖਿੱਚੋਤਾਣ ਵਾਲੀ ਸਥਿਤੀ ਬਣਦੀ ਜਾਪਦੀ ਹੈ। ਇਸ ਰਾਜ ਦੇ ਸਾਬਕਾ ਕਾਂਗਰਸ ਪ੍ਰਧਾਨ ਸਚਿਨ ਪਾਇਲਟ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਚਿੱਠੀ ਲਿਖ ਕੇ ਵਿਧਾਨ ਸਭਾ ਚੋਣਾਂ ਵਿਚ ਜਾਰੀ ਮੈਨੀਫੈਸਟੋ ਦੀ ਯਾਦ ਕਰਵਾਈ ਹੈ। ਇਸ ਚਿੱਠੀ ਵਿੱਚ ਸਚਿਨ ਪਾਇਲਟ ਨੇ ਕਿਹਾ ਹੈ ਕਿ ਰਾਜਸਥਾਨ ਸਰਕਾਰ ਵਲੋਂ ਕੱਢੀ ਗਈ ਭਰਤੀ ਦੇ ਲਈ ਅੱਤ ਪਿਛੜੇ ਵਰਗ (ਐੱਮ ਬੀ ਸੀ) ਸਮਾਜ ਨੂੰ 5 ਫੀਸਦੀ ਰਿਜ਼ਰਵੇਸ਼ਨ ਨਹੀਂ ਦਿੱਤਾ ਜਾ ਰਿਹਾ। ਇਸ ਤਰ੍ਹਾਂ ਇਹ ਚਿੱਠੀ ਨਵੇਂ ਵਿਰੋਧ ਦੀ ਸ਼ੁਰੂਆਤ ਸਮਝੀ ਗਈ ਹੈ।

ਸਚਿਨ ਪਾਇਲਟ ਨੇ ਇਸ ਚਿੱਠੀ ਵਿਚ ਲਿਖਿਆ ਹੈ ਕਿ ਪ੍ਰਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਵਫ਼ਦਾਂ ਨੇ ਮਿਲ ਕੇ ਅਤੇ ਮੰਗ ਪੱਤਰ ਰਾਹੀਂ ਮੈਨੂੰ ਇਹ ਗੱਲਾਂ ਦੱਸੀਆਂ ਹਨ। ਉਨ੍ਹਾ ਲਿਖਿਆ ਕਿ ਕਾਂਗਰਸ ਨੇ ਸਾਲ 2018 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਮੈਨੀਫੈਸਟੋ ਵਿੱਚ ਅੱਤ ਪਿਛੜੇ ਵਰਗ ਨੂੰ 5 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਜ਼ਿਕਰ ਕੀਤਾ ਸੀ ਅਤੇ ਪਿਛਲੀ ਕਾਂਗਰਸ ਸਰਕਾਰ ਵੇਲੇ ਸਾਲ 2011 ਵਿੱਚ ਸਮਝੌਤਾ ਵੀ ਹੋਇਆ ਸੀ ਕਿ 4 ਫੀਸਦੀ ਵਾਧੂ ਅਹੁਦੇ ਐੱਮ ਬੀ ਸੀ ਵਰਗਾਂ ਲਈ ਸੁਰੱਖਿਅਤ ਰੱਖੇ ਜਾਣਗੇ।ਚਿੱਠੀ ਵਿਚ ਲਿਖਿਆ ਹੈ ਕਿ ਇਸ ਕਾਂਗਰਸ ਸਰਕਾਰ ਨੇ ਫਰਵਰੀ 2019 ਵਿਚ ਸਰਕਾਰ ਅਤੇ ਐੱਮ ਬੀ ਸੀ ਦੇ ਆਗੂਆਂ ਵਿਚਾਲੇ ਹੋਏ ਸਮਝੌਤੇ ਮੁਤਾਬਕ ਪਿਛੜੇ ਵਰਗ ਲਈ 4 ਫੀਸਦੀ ਵਾਧੂ ਅਹੁਦੇ ਮਨਜ਼ੂਰ ਕਰਨ ਅਤੇ ਇਸ ਸਮੇਂ ਚੱਲਦੀ ਭਰਤੀ ਵਿੱਚ 4 ਫੀਸਦੀ ਹੋਰ ਅਹੁਦੇ ਵਿਭਾਗ ਵਾਰ ਮਨਜ਼ੂਰ ਕਰਨ ਦੇ ਆਦੇਸ਼ ਤੋਂ ਬਾਅਦ ਵੀ ਕੁਝ ਭਰਤੀਆਂ ਨੂੰ ਛੱਡ ਕੇ ਬਾਕੀ ਥਾਂ 5 ਫੀਸਦੀ ਰਿਜ਼ਰਵੇਸ਼ਨ ਨਹੀਂ ਦਿੱਤਾ ਜਾ ਰਿਹਾ।

ਦੂਸਰੇ ਪਾਸੇ ਕਾਂਗਰਸ ਵਿਧਾਇਕ ਜੀ ਆਰ ਖਟਾਣਾ ਨੇ ਕਿਹਾ ਹੈ ਕਿ ਵਾਅਦਾ ਪੂਰਾ ਨਾ ਹੋਣ ਕਾਰਨ ਗੁੱਜਰ ਸਮਾਜ ਦੇ ਲੋਕਾਂ ਵਿਚ ਨਾਰਾਜ਼ਗੀ ਵਧ ਰਹੀ ਹੈ। ਗੁੱਜਰ ਰਿਜ਼ਰਵੇਸ਼ਨ ਅੰਦੋਲਨ ਦੇ ਨੇਤਾ ਕਰਨਲ ਕਿਰੋੜੀ ਸਿੰਘ ਬੈਂਸਲਾ ਵੀ ਵੱਖ-ਵੱਖ ਮੰਗਾਂ ਬਾਰੇ ਇੱਕ ਵਾਰ ਫਿਰ ਅੰਦੋਲਨ ਦੀ ਤਿਆਰੀ ਵਿੱਚ ਦੱਸੇ ਜਾ ਰਹੇ ਹਨ।

## ਉੱਤਰ ਪ੍ਰਦੇਸ਼ ਵਿੱਚ ਆਪਣੀ ਕਿਸਮ ਦੀ ਉੱਚੀਆਂ ਤਾਕਤਾਂ ਵਾਲੀ ਫੋਰਸ ਬਣਾ ਦਿੱਤੀ ਗਈ

*** ਬਿਨਾ ਵਰੰਟ ਗ੍ਰਿਫਤਾਰੀਆਂ, ਤਲਾਸ਼ੀਆਂ ਸਣੇ ਕਈ ਤਾਕਤਾਂ ਮਿਲੀਆਂ**




ਲਖਨਊ, 13 ਸਤੰਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ (ਯੂ ਪੀ) ਵਿੱਚ ਭਾਜਪਾ ਦੀ ਯੋਗੀ ਆਦਿਤਿਆਨਾਥ ਸਰਕਾਰ ਨੇ ਯੂ ਪੀ ਸਪੈਸ਼ਲ ਸਕਿਓਰਟੀ ਫੋਰਸ (ਐੱਸ ਐੱਸ ਐੱਫ) ਬਣਾਉਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਨਵੀਂ ਫੋਰਸ ਨੂੰ ਬਹੁਤ ਸਾਰੀਆਂ ਖਾਸ ਤਾਕਤਾਂ ਹੋਣਗੀਆਂ ਤੇ ਉਹ ਬਿਨਾਂ ਵਾਰੰਟ ਤਲਾਸ਼ੀ ਤੇ ਗ੍ਰਿਫਤਾਰੀ ਕਰ ਸਕਦੀ ਹੈ।

ਮੁੱਢਲੇ ਰੂਪ ਵਿੱਚ ਦੱਸਿਆ ਗਿਆ ਹੈ ਕਿ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਐੱਸ ਐੱਸ ਐੱਫ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਖਿਲਾਫ ਕੋਈ ਵੀ ਅਦਾਲਤ ਕੋਈ ਨੋਟਿਸ ਨਹੀਂ ਲਵੇਗੀ। ਇਸ ਰਾਜ ਦੀਆਂ ਮਹੱਤਵ ਪੂਰਨ ਸਰਕਾਰੀ ਇਮਾਰਤਾਂ, ਦਫਤਰਾਂ ਤੇ ਉਦਯੋਗਿਕ ਅਦਾਰਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਇਸ ਨਵੀਂ ਫੋਰਸ ਦੀ ਹੋਵੇਗੀ। ਪ੍ਰਾਈਵੇਟ ਕੰਪਨੀਆਂ ਵੀ ਭੁਗਤਾਨ ਕਰਕੇ ਇਸ ਫੋਰਸ ਦੀਆਂ ਸੇਵਾਵਾਂ ਲੈਣ ਦੇ ਯੋਗ ਹੋਣਗੀਆਂ। ਇਸ ਦਾ ਮੁਖੀਐਡੀਸ਼ਨਲ ਡੀ ਜੀ ਪੱਧਰ ਦਾ ਅਧਿਕਾਰੀ ਹੋਵੇਗਾ ਅਤੇ ਇਸ ਦਾ ਮੁੱਖ ਦਫਤਰ ਲਖਨਊ ਵਿੱਚ ਹੋਵੇਗਾ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੀਤੀ 26 ਜੂਨ ਨੂੰ ਇਸ ਨਵੀਂ ਫੋਰਸ ਦੇ ਗਠਨ ਦੀਮਨਜ਼ੂਰੀ ਦੇ ਦਿੱਤੀ ਸੀ, ਜਿਸਪਿੱਛੋਂ ਗ੍ਰਹਿ ਵਿਭਾਗ ਨੇ ਇਹ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸ਼ੁਰੂ ਵਿਚ ਯੂਪੀ ਐੱਸ ਐੱਸ ਐੱਫ ਦੀਆਂ ਪੰਜ ਬਟਾਲੀਅਨਾਂ ਹੋਣਗੀਆਂ ਤੇ ਇਸ ਦੇ ਐਡੀਸ਼ਨਲ ਡੀਜੀ ਵੱਖਰੇ ਹੋਣਗੇ। ਯੂਪੀ ਐੱਸ ਐੱਸ ਐੱਫ ਇੱਕ ਵੱਖਰੇ ਐਕਟ ਹੇਠ ਕੰਮ ਕਰੇਗੀ, ਜਿਸ ਨਾਲ ਇਸ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਗਈਆਂਹਨ ਤੇ ਏਥੋਂ ਤੱਕ ਕਿ ਇਸ ਫੋਰਸ ਦੇ ਕਿਸੇ ਵੀ ਮੈਂਬਰ ਨੂੰ ਇਹ ਲੱਗਦਾ ਹੈ ਕਿ ਧਾਰਾ 10 ਵਿਚ ਦਰਜ ਕੋਈ ਗੁਨਾਹ ਕੀਤਾ ਗਿਆ ਜਾਂ ਕੀਤਾ ਜਾ ਰਿਹਾ ਹੈ ਅਤੇ ਅਪਰਾਧੀ ਕੋਲ ਬਚ ਕੇ ਭੱਜਣ ਜਾਂ ਅਪਰਾਧ ਦੇ ਸਬੂਤ ਲੁਕਾਉਣ ਦਾ ਕੋਈ ਮੌਕਾ ਦਿੱਤੇ ਬਿਨਾਂ ਸਰਚ ਵਾਰੰਟ ਨਹੀਂਲਿਆ ਜਾ ਸਕਦਾ, ਤਾਂ ਉਹ ਉਸ ਅਪਰਾਧੀ ਨੂੰ ਬਿਨਾਂ ਵਰੰਟ ਗ੍ਰਿਫਤਾਰ ਕਰ ਸਕਦਾ ਹੈ। ਇਹੀ ਨਹੀਂ, ਉਹ ਉਸ ਦੀ ਜਾਇਦਾਦ ਤੇ ਘਰ ਦੀ ਤਲਾਸ਼ੀ ਕਰ ਸਕਦਾ ਹੈ ਤੇ ਜੇ ਉਹ ਠੀਕ ਸਮਝਦਾ ਹੈ ਤਾਂ ਉਹ ਕਿਸੇ ਵੀ ਅਜਿਹੇ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦਾ ਹੈ, ਪਰ ਉਸ ਨੂੰ ਵਿਸ਼ਵਾਸ ਹੋਵੇ ਕਿ ਉਸ ਦੇ ਕੋਲ ਜੁਰਮ ਕਰਨ ਦਾ ਠੋਸ ਸਬੂਤ ਤੇ ਕਾਰਨ ਹੈ।

## ਦਫ਼ਤਰ ਤੋੜਨ ਪਿੱਛੋਂ ਕੰਗਨਾ ਦੇ ਘਰ ਉੱਤੇ ਬੀ ਐੱਮ ਸੀ ਦੀ ਅੱਖ ਟਿਕੀ, ਨੋਟਿਸ ਜਾਰੀ



ਮੁੰਬਈ, 13 ਸਤੰਬਰ, (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਰੀ ਕੰਗਨਾ ਰਣੌਤ ਤੇ ਮਹਾਰਾਸ਼ਟਰ ਦੀ ਸਰਕਾਰ ਵਿਚਾਲੇ ਚੱਲਦੇ ਵਿਵਾਦ ਦੌਰਾਨ ਬੀਐਮਸੀ ਨੇ ਕੰਗਨਾ ਨੂੰ ਨਵਾਂ ਝਟਕਾ ਦੇਣ ਦੀ ਤਿਆਰੀ ਕਰ ਲਈ ਹੈ। ਪਤਾ ਲੱਗਾ ਹੈ ਕਿ ਬੀਐਮਸੀ ਨੇ ਕੰਗਨ ਦੇ ਘਰ ਵਿੱਚ ਕਥਿਤ ਨਾਜਾਇਜ਼ ਉਸਾਰੀ ਦਾ ਇੱਕ ਨੋਟਿਸ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬੀਐਮਸੀ (ਬ੍ਰਹਾਨ ਮੁੰਬਈ ਕਾਰਪੋਰੇਸ਼ਨ) ਨੇ ਕਲਿਆਣ ਦੇ ਪਾਲੀ ਹਿੱਲ ਇਲਾਕੇ ਵਿੱਚ ਕੰਗਨਾ ਦੇ ਦਫਤਰ ਵਿੱਚ ਗੈਰਕਾਨੂੰਨੀ ਉਸਾਰੀ ਦੇ ਹਵਾਲੇ ਨਾਲਕਾਹਲੀ ਵਿੱਚ ਬੁਲਡੋਜ਼ਰ ਚਲਾ ਦਿੱਤਾ ਸੀ। ਇਸ ਦੇ ਬਾਅਦ ਬੀਐਮਸੀ ਵੱਲੋਂ ਕੰਗਨਾ ਦੇ ਘਰ ਨੂੰ ਨਿਸ਼ਾਨਾ ਬਣਾਇਆ ਜਾਣ ਵਾਲਾ ਹੈ ਤੇ ਕੰਗਨਾ ਨੂੰ ਨਾਜਾਇਜ਼ ਉਸਾਰੀ ਬਾਰੇ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਦੱਸਿਆ ਜਾਂਦਾ ਹੈ ਕਿ ਕੰਗਨਾ ਦੇ ਘਰ ਵਿੱਚਗੈਰਕਨੂੰਨੀ ਉਸਾਰੀ ਦਾ ਕੇਸ ਇਸ ਵੇਲੇ ਅਦਾਲਤ ਵਿੱਚ ਹੈ, ਜਿਸ ਦੀ ਸੁਣਵਾਈ 25 ਸਤੰਬਰ ਨੂੰ ਹੋਣੀ ਹੈ। ਪਤਾ ਲੱਗਾ ਹੈ ਕਿ ਬੀਐਮਸੀ ਨੇ ਕਿਹਾ ਹੈ ਕਿ ਕੰਗਨਾ ਦਾ ਘਰ ਉਸ ਦੇ ਦਫ਼ਤਰ ਤੋਂ ਵੀਵੱਧ ਨਿਯਮਾਂ ਦੀ ਉਲੰਘਣਾ ਕਰਕੇ ਬਣਾਇਆ ਗਿਆ ਹੈ।

ਪਿਛਲੇ ਦਿਨੀਂ ਵਿਵਾਦਾਂ ਦੌਰਾਨ ਬੀਐਮ ਸੀ ਨੇ ਢੀਂਡੋਸੀ ਸਿਟੀ ਸਿਵਲ ਕੋਰਟ ਵਿੱਚ ਅਪੀਲ ਕੀਤੀ ਤੇ ਕੰਗਨਾ ਦੇ ਘਰ ਵਿੱਚ ਗੈਰਕਾਨੂੰਨੀ ਉਸਾਰੀ ਨੂੰ ਤੋੜਨ ਦੀ ਆਗਿਆ ਮੰਗੀ ਸੀ। ਕੰਗਨਾ ਦਾ ਘਰ ਮੁੰਬਈ ਦੇ ਖਾਰ ਖੇਤਰ ਵਿੱਚ ਡੀ ਬੀ ਬ੍ਰਿਜ ਦੀ ਇਮਾਰਤ ਦੀ ਪੰਜਵੀ ਮੰਜ਼ਲ ਉੱਤੇ ਬਣਿਆ ਹੈ।

# ਪੰਜਾਬ 'ਚ 24 ਘੰਟਿਆਂ ਵਿੱਚ ਕੋਰੋਨਾ ਨਾਲ 68 ਮੌਤਾਂ, 2628 ਨਵੇਂ ਕੇਸ ਮਿਲੇ

ਚੰਡੀਗੜ੍ਹ, 13 ਸਤੰਬਰ, (ਪੋਸਟ ਬਿਊਰੋ)- ਪੰਜਾਬ ਅੰਦਰ ਕਰੋਨਾ ਦੇ ਕੇਸ ਲਗਾਤਾਰ ਵਧਦੇ ਜਾਣ ਨਾਲ ਹਾਲਾਤ ਹੋਰ ਤੋਂ ਹੋਰ ਵਿਗੜਦੇ ਜਾਂਦੇ ਹਨ। ਐਤਵਾਰ ਦੀ ਰਿਪੋਰਟ ਮੁਤਾਬਕ 24 ਘੰਟਿਆਂ ਵਿਚਪੰਜਾਬ ਵਿਚ 68 ਲੋਕਾਂ ਦੀਮੌਤ ਹੋ ਗਈ ਅਤੇ 2628 ਨਵੇਂਕੇਸਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ 79679 ਅਤੇ ਕਰੋਨਾ ਨਾਲ ਮੌਤਾਂ ਦੀ ਗਿਣਤੀ 2356 ਹੋ ਗਈ ਹੈ। ਰਾਜ ਸਰਕਾਰ ਹਾਲਾਤ ਨਾਲ ਨਿਪਟਣ ਲੱਗੀ ਹੋਈ ਹੈ, ਪਰ ਲੋਕਾਂ ਵਿਚ ਫ਼ੈਲੀਆਂ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਇਸ ਬਿਮਾਰੀ ਦੇ ਇਲਾਜ ਲਈ ਸਰਕਾਰ ਦੇ ਯਤਨਾਂ ਅੱਗੇ ਅੜਿਕਾ ਬਣ ਰਹੀਆਂ ਹਨ।

ਐਤਵਾਰ ਦਿੱਤੀ ਗਈ ਸਰਕਾਰੀ ਰਿਪੋਰਟ ਅਨੁਸਾਰ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਦੇ 2628 ਨਵੇਂ ਕੇਸ ਮਿਲੇ ਹਨ। ਸਭ ਤੋਂ ਵੱਧ 433 ਕੇਸ ਮੋਹਾਲੀ ਜ਼ਿਲੇਵਿੱਚਮਿਲੇ ਹਨ। ਪਟਿਆਲਾ ਵਿੱਚ 327 ਕੇਸ,ਲੁਧਿਆਣਾ 274, ਗੁਰਦਾਸਪੁਰ 260, ਜਲੰਧਰ 252,ਅੰਮ੍ਰਿਤਸਰ 188,ਬਠਿੰਡਾ 104,ਨਵੇਂ ਕੇਸ ਮਿਲੇ ਹਨ। 24 ਘੰਟਿਆਂ ਵਿੱਚ ਸਭ ਤੋਂ ਵੱਧ 11 ਮੌਤਾਂ ਅੰਮ੍ਰਿਤਸਰ ਵਿੱਚ ਅਤੇ 10 ਮੌਤਾਂ ਪਟਿਆਲਾ ਵਿੱਚ ਹੋਈਆਂ ਹਨ। ਬਠਿੰਡਾ ਅਤੇ ਜਲੰਧਰ ਵਿੱਚ 6-6, ਲੁਧਿਆਣਾ ਵਿੱਚ 5,ਕਪੂਰਥਲਾ ਵਿੱਚ 4, ਫਾਜ਼ਿਲਕਾ, ਹੁਸ਼ਿਆਰਪੁਰ, ਪਠਾਨਕੋਟ, ਸੰਗਰੂਰ ਅਤੇ ਮੋਹਾਲੀ ਵਿੱਚ 3-3, ਮਾਨਸਾ, ਮੋਗਾ ਅਤੇ ਰੋਪੜ ਵਿੱਚ 2-2,ਗੁਰਦਾਸਪੁਰ, ਬਰਨਾਲਾ, ਫਰੀਦਕੋਟ, ਨਵਾਂ ਸ਼ਹਿਰ ਤੇ ਤਰਨ ਤਾਰਨ ਵਿੱਚ 1-1 ਮੌਤ ਹੋਈ ਹੋਣ ਦੀ ਜਾਣਕਾਰੀ ਦਿੱਤੀ ਗਈ ਹੈ।

ਇਸ ਦੌਰਾਨ ਲੋਕਾਂ ਵਿੱਚ ਕਰੋਨਾ ਟੈਸਟਾਂ ਬਾਰੇ ਭੁਲੇਖੇ ਦੂਰ ਕਰਨ ਵਿਚ ਸਰਕਾਰ ਦੇ ਸਭ ਯਤਨ ਫੇਲ੍ਹ ਰਹੇ ਹਨ। ਅਫ਼ਵਾਹਾਂ ਰੋਕਣਤੇ ਇਨ੍ਹਾਂ ਦੀ ਸੱਚਾਈ ਤੋਂ ਜਾਣੂ ਕਰਵਾਉਣ ਲਈ ਮੁੱਖ ਮੰਤਰੀ ਸਮੇਤ ਪੂਰਾ ਪ੍ਰਸ਼ਾਸਨ ਯਤਨ ਕਰ ਰਿਹਾ ਹੈ, ਇਸ ਦੇ ਬਾਵਜੂਦ ਪਿੰਡਾਂ ਵਿਚ ਕਰੋਨਾ ਟੈਸਟਾਂ ਲਈ ਗਈਆਂ ਸਿਹਤ ਵਿਭਾਗ ਦੀਆਂ ਟੀਮਾਂ ਦਾ ਵਿਰੋਧ ਜਾਰੀ ਹੈ।

ਅੱਜ ਮਾਨਸਾ ਜ਼ਿਲੇ ਦੇ ਦਿੜ੍ਹਬਾ ਨੇੜਲੇ ਪਿੰਡ ਤੁਰਬੰਜਾਰਾ ਵਿਚ ਸਿਹਤ ਵਿਭਾਗ ਅਤੇ ਹੋਰਨਾਂ ਅਦਾਰਿਆਂ ਦੀ ਟੀਮ ਜਦੋਂ ਕੋਰੋਨਾ ਮਹਾਂਮਾਰੀ ਬਾਰੇ ਲੋਕਾਂ ਦੀ ਸੈਂਪਲਿੰਗ ਕਰਨ ਗਈ ਤਾਂ ਲੋਕ ਤਿਆਰ ਨਹੀਂ ਹੋਏ। ਇਸ ਮੌਕੇਉਨ੍ਹਾ ਨੇ ਇਕੱਠੇ ਹੋ ਕੇ ਸਿਹਤ ਵਿਭਾਗ ਦੀ ਟੀਮ ਨੂੰ ਪਿੰਡ ਦੀ ਡਿਸਪੈਂਸਰੀ ਵਿਚ ਬੰਦ ਕਰ ਦਿੱਤਾ। ਟੀਮ ਨੇ ਉੱਚ ਅਧਿਕਾਰੀਆਂ ਤੇ ਪੁਲਿਸ ਨੂੰ ਇਸ ਬਾਰੇ ਦੱਸਿਆ ਤਾਂ ਪੁਲਿਸ ਨੇ ਜਾ ਕੇ ਟੀਮ ਨੂੰ ਛੁਡਾਇਆ। ਮੌਕੇ ਉੱਤੇ ਮੌਜੂਦ ਏ ਐਸ ਆਈਰਘਵੀਰ ਸਿੰਘ ਦੇ ਮੁਤਾਬਕ ਪਿੰਡ ਵਾਸੀਆਂ ਨੇ ਕੋਰੋਨਾ ਸੈਂਪਲਿੰਗ ਦੇ ਵਿਰੁੱਧਟੀਮ ਬੰਦੀ ਬਣਾਈਸੀ, ਪਰ ਪਿੰਡ ਵਿਚ ਸੈਪਲਿੰਗ ਨਾ ਕਰਨ ਦੀ ਸ਼ਰਤ ਉੱਤੇ ਛੱਡ ਦਿੱਤੀਹੈ। ਪਿੰਡ ਦੇ ਸਰਪੰਚ ਦਾ ਕਹਿਣਾ ਹੈ ਕਿ ਸਾਰੇ ਪਿੰਡ ਨੇ ਸਾਂਝੇ ਤੌਰ ਉੱਤੇ ਕੋਰੋਨਾ ਸੈਂਪਲਿੰਗ ਨਾ ਕਰਵਾਉਣ ਦਾ ਫ਼ੈਸਲਾ ਲਿਆ ਹੈ, ਕਿਉਂਕਿ ਮਹਾਂਮਾਰੀ ਬਾਰੇ ਲੋਕਾਂ ਦਾ ਸਰਕਾਰ ਦੇ ਮਾੜੇ ਪ੍ਰਬੰਧ ਅਤੇ ਮਾੜੀਆਂ ਸਿਹਤ ਸੇਵਾਵਾਂ ਤੋਂ ਭਰੋਸਾ ਉਠ ਗਿਆ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕਾਂ ਨੂੰ ਪ੍ਰਸ਼ਾਸਨ ਵਲੋਂ ਕੋਰੋਨਾ ਸੈਂਪਲਿੰਗ ਦੇ ਬਹਾਨੇ ਬਿਨਾਂ ਕਾਰਨ ਤੰਗ ਕੀਤਾ ਜਾ ਰਿਹਾ ਹੈ, ਪਿੰਡ ਦਾ ਕੋਈ ਵਿਅਕਤੀ ਕੋਰੋਨਾ ਪੀੜਤ ਨਹੀਂ, ਜੇ ਕਿਸੇ ਵਿਚ ਕੋਰੋਨਾ ਦਾ ਲੱਛਣ ਪਾਇਆ ਗਿਆ ਤਾਂ ਅਸੀਂ ਖ਼ੁਦ ਉਸ ਦੀ ਜਾਂਚ ਲਈ ਸਿਹਤ ਵਿਭਾਗ ਦੀ ਟੀਮ ਨਾਲ ਸੰਪਰਕ ਕਰ ਲਵਾਂਗੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.


**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਫੈਡਰਲ ਸਰਕਾਰ ਲਈ ਅਹਿਮ ਬਣਿਆ ਨਵੇਂ ਕਮਾਂਡਰ ਦੀ ਚੋਣ ਦਾ ਮੁੱਦਾ

...ਪੰਨਾ 1 ਦਾ ਬਾਕੀ

ਲਿਬਰਲ ਸਰਕਾਰ ਇਹ ਸੰਕੇਤ ਵੀ ਦੇ ਚੁੱਕੀ ਹੈ ਕਿ 23 ਸੰਤਬਰ ਨੂੰ ਰਾਜ ਭਾਸ਼ਣ ਤੋਂ ਪਹਿਲਾਂ ਉਹ ਨਵੇਂ ਚੀਫ ਆਫ ਡਿਫੈਂਸ ਸਟਾਫ ਦਾ ਐਲਾਨ ਕਰਨਾ ਚਾਹੁੰਦੀ ਹੈ। ਨੈਸ਼ਨਲ ਡਿਫੈਂਸ ਵਿਭਾਗ ਦੇ ਸੂਤਰਾਂ ਅਨੁਸਾਰ ਪਿਛਲੇ ਹਫਤੇ ਕੁੱਝ ਕੁ ਇੰਟਰਵਿਊਜ਼ ਵੀ ਇਸ ਸਬੰਧ ਵਿੱਚ ਕੀਤੀਆਂ ਗਈਆਂ ਹਨ। ਇਸ ਸਮੇਂ ਲਿਬਰਲ ਸਰਕਾਰ ਦੀ ਸਪਸ਼ਟ ਪਸੰਦ ਲੈਫਟੀਨੈਂਟ ਜਨਰਲ ਮਾਈਕ ਰੂਲੋ ਲੱਗ ਰਹੇ ਹਨ।

ਸਾਬਕਾ ਓਟਵਾ ਪੁਲਿਸ ਆਫੀਸਰ ਰਹਿ ਚੁੱਕੇ ਰੂਲੋ 9/11 ਤੋਂ ਬਾਅਦ ਮੁੜ ਸੈਨਾ ਵਿੱਚ ਸ਼ਾਮਲ ਹੋਏ ਤੇ ਉਨ੍ਹਾਂ 2014 ਵਿੱਚ ਕਮਾਂਡਰ ਆਫ ਕੈਨੇਡਾਜ਼ ਸਪੈਸ਼ਲ ਫੋਰਸਿਜ਼ ਬਣਨ ਤੋਂ ਪਹਿਲਾਂ ਕਈ ਸਾਲ ਇਸ ਖੇਤਰ ਵਿੱਚ ਬਿਤਾਏ। ਉਨ੍ਹਾਂ ਨੂੰ ਪਹਿਲਾਂ ਕੈਨੇਡੀਅਨ ਜੁਆਇੰਟ ਆਪਰੇਸ਼ਨਜ਼ ਕਮਾਂਡ ਦਾ ਕਮਾਂਡਰ ਥਾਪਿਆ ਗਿਆ ਤੇ ਪਿੱਛੇ ਜਿਹੇ ਉਹ ਵਾਂਸ ਦੇ ਸੈਕਿੰਡ ਇਨ ਕਮਾਂਡ ਬਣੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
You only pay upon settlement
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca





NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy

Residential
Commercial
Investment
Century 21 President Realty Inc Brokerage* Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com

# ਔਰਤ, ਸਮਾਜ ਤੇ ਸਿੱਖਿਆ

-ਜਸਵੰਤ ਕੌਰ ਮਣੀ

ਸਿੱਖਿਆ ਮਨੁੱਖ ਦਾ ਤੀਸਰਾ ਨੇਤਰ ਹੈ। ਔਰਤ, ਸਮਾਜ ਅਤੇ ਸਿੱਖਿਆ ਦਾ ਰਿਸ਼ਤਾ ਸ਼ੁਰੂ ਤੋਂ ਹੀ ਡਗਮਗਾਇਆ ਰਿਹਾ ਹੈ। ਸਮਾਜ ਮਨੁੱਖ ਨੂੰ ਜਿੱਥੇ ਪਰੰਪਰਾਵਾਂ ਦੀ ਦੱਸ ਪਾਉਂਦਾ ਹੈ, ਉਥੇ ਸਿੱਖਿਆ ਮਨੁੱਖ ਨੂੰ ਸਮਾਜ ਵਿੱਚ ਵਿਚਰਨ ਦੇ ਤੌਰ ਤਰੀਕੇ ਸਿਖਾਉਂਦੀ ਹੋਈ ਆਧੁਨਿਕਤਾ ਨਾਲ ਵੀ ਜੋੜਦੀ ਹੈ। ਜੇ ਗੱਲ ਔਰਤ, ਸਮਾਜ ਅਤੇ ਸਿੱਖਿਆ ਦੇ ਪ੍ਰਸੰਗ ਵਿੱਚ ਕੀਤੀ ਜਾਵੇ ਤਾਂ ਹਾਲੇ ਵੀ ਔਰਤ ਸਮਾਜ ਤੇ ਸਿੱਖਿਆ ਵਿਚਾਲੇ ਹਾਲਾਤ ਕਾਫੀ ਚੁਣੌਤੀ ਪੂਰਨ ਹਨ। ਸਿੱਖਿਆ ਤੇ ਮਿਹਨਤ ਬਲਬੂਤੇ ਔਰਤ ਨੇ ਆਪਣੀ ਨਿਵੇਕਲੀ ਪਛਾਣ ਬਣਾਈ ਹੈ, ਪਰ ਅਜੇ ਵੀ ਉਸ ਦੇ ਸੰਘਰਸ਼ੀ ਰਸਤੇ ਦੀਆਂ ਔਕੜਾਂ ਖਤਮ ਨਹੀਂ ਹੋਈਆਂ। ਔਰਤ ਸਮਾਜ ਤੋਂ ਆਪਣੇ ਲਈ ਮਾਣ ਸਨਮਾਨ ਦੀ ਸਥਿਤੀ ਚਾਹੁੰਦੀ ਹੈ, ਜੋ ਉਸ ਨੂੰ ਸਹੀ ਅਰਥਾਂ ਵਿੱਚ ਮਿਲਦੀ ਨਹੀਂ। ਬੇਸ਼ੱਕ ਅਜੋਕੀ ਔਰਤ ਪੜ੍ਹ ਲਿਖ ਕੇ ਆਪਣੇ ਪੈਰਾਂ 'ਤੇ ਖਲੋ ਬੁਲੰਦੀਆਂ ਛੋਹ ਰਹੀ ਹੈ, ਪਰ ਅਜੋਕੇ ਸਮਾਜ ਦੀ ਸੋਚ 'ਤੇ ਨਜ਼ਰੀਆ ਔਰਤ ਪ੍ਰਤੀ ਉੱਥੇ ਦਾ ਉੱਥੇ ਹੈ। ਅੱਜ ਵੀ ਬਹੁਤੇ ਹਾਲਾਤ ਵਿੱਚ ਔਰਤ ਤ੍ਰਿਸਕਾਰ ਦੀ ਪਾਤਰ ਬਣੀ ਹੋਈ ਹੈ। ਹਾਲੇ ਵੀ ਉਸ ਦੇ ਰਸਤੇ ਦੀਆਂ ਰੁਕਾਵਟਾਂ ਖਤਮ ਨਹੀਂ ਹੋਈਆਂ। ਕਹਿਣ ਲਈ ਉਹ ਆਜ਼ਾਦ ਹੈ, ਪਰ ਸਮਾਜ ਵਿੱਚ ਵਿਚਰਦੀ ਹੋਈ ਉਹ ਕਿੰਨੀ ਕੁ ਆਜ਼ਾਦੀ ਅਨੁਭਵ ਕਰ ਰਹੀ ਹੈ? ਇਹ ਵਿਚਾਰਨ ਵਾਲੀ ਗੱਲ ਹੈ।

ਸਮਾਜ ਦਾ ਬਹੁਤਾ ਵਰਗ ਬੇਸ਼ੱਕ ਪੜ੍ਹ-ਲਿਖ ਗਿਆ, ਪਰ ਉਸ ਦੀ ਸੋਚ ਵਿੱਚ ਬਹੁਤਾ ਫਰਕ ਦੇਖਣ ਵਿੱਚ ਨਹੀਂ ਆਇਆ। ਔਰਤ ਜੱਦੋਜਹਿਦ ਕਰਦੀ ਹੋਈ ਮਰਦ ਦੇ ਬਰਾਬਰ ਨਹੀਂ, ਉਸ ਤੋਂ ਵੀ ਅਗੇਰੇ ਉਡਾਰੀਆਂ ਲਾ ਰਹੀ ਹੈ, ਫਿਰ ਵੀ ਬਹੁਤ ਸਾਰੀਆਂ ਰੁਕਾਵਟਾਂ ਨਾ ਸਿਰਫ ਸਿੱਖਿਆ ਹਾਸਲ ਕਰਨ ਸਮੇਂ, ਸਗੋਂ ਪੜ੍ਹਾਈ ਤੋਂ ਬਾਅਦ ਉਸ ਦਾ ਪਿੱਛਾ ਨਹੀਂ ਛੱਡਦੀਆਂ। ਪੁਰਾਤਨ ਸਮੇਂ ਵਿੱਚ ਔਰਤ ਦੇ ਪੜ੍ਹਨ-ਲਿਖਣ 'ਤੇ ਬੰਦਸ਼ਾਂ ਲਾਈਆਂ ਜਾਂਦੀਆਂ ਸਨ, ਓਥੇ ਅਜੋਕੇ ਸਮਾਜ ਵਿੱਚ ਅਜਿਹੀਆਂ ਬੰਦਸ਼ਾਂ ਬੇਸ਼ੱਕ ਬਹੁਤ ਘੱਟ ਹਨ, ਪਰ ਕੁਝ ਅਜਿਹੇ ਵਰਤਾਰੇ ਪਣਪ ਰਹੇ ਹਨ ਜਿਨ੍ਹਾਂ ਤੋਂ ਲੜਕੀ ਪੜ੍ਹਾਈ ਵੱਲੋਂ ਕਿਤੇ ਨਾ ਕਿਤੇ ਖੁਦ ਝਿਜਕਣ ਜ਼ਰੂਰ ਲੱਗਦੀ ਹੈ। ਅੱਜ ਕੋਈ ਲੜਕੀ ਨਾ ਸਿਰਫ ਸਕੂਲੀ ਪੜ੍ਹਾਈ ਦੌਰਾਨ ਹੀ ਪ੍ਰਭਾਵਤ ਹੋ ਰਹੀ ਹੈ, ਬਲਕਿ ਉਚੇਰੀ ਪੜ੍ਹਾਈ ਦੌਰਾਨ ਵੀ ਉਸ ਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਉਸ ਦੇ ਰਸਤੇ ਵਿੱਚ ਗੰਭੀਰ ਚੁਣੌਤੀ ਬਣ ਜਾਂਦੇ ਹਨ, ਜਿਨ੍ਹਾਂ ਵਿੱਚ ਔਰਤ ਸੁਚੇਤ ਜਾਂ ਅਚੇਤ ਰੂਪ ਵਿੱਚ ਪਿਸਦੀ ਰਹਿੰਦੀ ਹੈ। ਔਰਤ ਮੁੱਢ ਤੋਂ ਸੰਵੇਦਨਸ਼ੀਲ ਅਤੇ ਸਹਿਣਸ਼ੀਲਤਾ ਦੀ ਮੂਰਤ ਰਹੀ ਹੈ, ਪਰ ਮਰਦ ਪ੍ਰਧਾਨ ਸਮਾਜ ਵਿੱਚ ਉਸ ਦੀ ਸਹਿਣਸ਼ੀਲਤਾ ਦਾ ਕਿਤੇ ਨਾ ਕਿਤੇ ਨਾਜਾਇਜ਼ ਲਾਭ ਉਠਾਇਆ ਜਾਂਦਾ ਹੈ। ਸਕੂਲ ਲਾਉਣ ਤੋਂ ਪਹਿਲਾਂ ਵੀ ਹਾਲਤ ਬਾਰੇ ਸੋਚਿਆ ਜਾਂਦਾ ਹੈ ਤੇ ਉਚੇਰੀ ਸਿੱਖਿਆ ਮੌਕੇ ਵੀ, ਜਿਸ ਕਾਰਨ ਕਈ ਵਾਰ ਲੜਕੀ ਦਾ ਉਚੇਰੀ ਸਿੱਖਿਆ ਦਾ ਸੁਫਨਾ ਸਾਕਾਰ ਨਹੀਂ ਹੁੰਦਾ। ਕਈ ਵਾਰ ਅਜਿਹੀ ਡਿਗਰੀ ਪ੍ਰਾਪਤ ਕਰਨਾ ਉਸ ਲਈ 'ਅਗਨੀ ਪ੍ਰੀਖਿਆ' ਵਿੱਚੋਂ ਲੰਘਣ ਤੋਂ ਘੱਟ ਨਹੀਂ ਹੁੰਦਾ।

ਬੇਸ਼ੱਕ ਅਜੋਕੇ ਯੁੱਗ ਵਿੱਚ ਔਰਤ ਨੇ ਘਰ ਦੀਆਂ ਵਲਗਣਾਂ, ਬੰਦਸ਼ਾਂ ਤੋਂ ਪਾਰ ਜਾਣ ਲਈ ਖੁਦ ਆਪਣੇ ਬਲਬੂਤੇ ਹੰਭਲਾ ਮਾਰਨ ਦੀ ਸਮਰੱਥਾ ਜੁਟਾ ਲਈ ਹੈ, ਪਰ ਔਰਤ ਪੂਰੀ ਤਰ੍ਹਾਂ ਆਜ਼ਾਦ ਤੇ ਸੁਰੱਖਿਅਤ ਮਾਹੌਲ ਵਿੱਚ ਵਿਚਰਨ ਦਾ ਹੀਆ ਨਹੀਂ ਕਰ ਸਕੀ। ਇਸ ਦਾ ਕਾਰਨ ਕੀ ਹੈ? ਅਜੋਕਾ ਯੁੱਗ ਬਹੁਤ ਪੜ੍ਹਿਆ ਲਿਖਿਆ ਅਤੇ ਆਧੁਨਿਕ ਅਖਵਾਉਂਦਾ ਹੈ। ਫਿਰ ਉਸ ਸਮੇਂ ਇਹ ਆਧੁਨਿਕਤਾ ਕਿੱਥੇ ਚਲੀ ਜਾਂਦੀ ਹੈ, ਜਦੋਂ ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਦੇ ਸਿੱਖਿਆ ਪ੍ਰਾਪਤ ਲੜਕੇ ਵੀ ਤੁਰੀ ਆਉਂਦੀ ਲੜਕੀ ਵੱਲ ਦੇਖ ਕੇ ਕਈ ਤਰ੍ਹਾਂ ਦੇ ਭੱਦੇ ਮਜ਼ਾਕ ਕਰਦੇ ਹਨ। ਪਿੱਛੇ ਜਿਹੇ ਪੰਜਾਬੀ ਯੂਨੀਵਰਸਿਟੀ ਵਿੱਚ ਅਜਿਹਾ ਕਾਂਡ ਦੇਖਣ ਵਿੱਚ ਆਇਆ ਸੀ।

ਇੱਥੇ ਦੋਸ਼ ਵਿਚਾਰਧਾਰਾ ਦਾ ਬਣਦਾ ਹੈ ਜਿਸ ਨੂੰ ਬਦਲਣ ਦੀ ਸਾਡੇ ਸਮਾਜ ਨੂੰ ਅਣਸਰਦੀ ਲੋੜ ਹੈ। ਔਰਤ ਦੀ ਅਜਿਹੀ ਸਥਿਤੀ ਅਜੋਕੇ ਸਾਹਿਤ ਵਿੱਚ ਝਲਕਦੀ ਹੈ। ਔਰਤ ਕਿਸੇ ਵੀ ਸਮਾਜ ਵਿੱਚ ਵਿਚਰ ਰਹੀ ਹੋਵੇ, ਉਸ ਨੂੰ ਹਮੇਸ਼ਾ ਵਧੀਕੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬੱਸ ਵਿੱਚ ਸਫਰ ਕਰਦੇ ਸਮੇਂ ਵੀ ਉਸ ਨੂੰ ਆਪਣੇ ਆਸੇ-ਪਾਸੇ ਦੀ ਸਥਿਤੀ ਵੱਲ ਦੇਖਣਾ ਪੈਂਦਾ ਹੈ ਅਤੇ ਰੇਲ ਸਫਰ ਦੌਰਾਨ ਵੀ ਕਿ ਕਿਸ ਡੱਬੇ ਵਿੱਚ ਚੜ੍ਹਨਾ, ਕਿੱਥੇ ਬੈਠਣਾ, ਵਿਚਾਰਨਾ ਪੈਂਦਾ ਹੈ। ਕਹਿਣ ਨੂੰ 21ਵੀਂ ਸਦੀ ਆਧੁਨਿਕਤਾ ਦੀ ਸਦੀ ਹੈ, ਪਰ ਔਰਤ ਪ੍ਰਤੀ ਨਜ਼ਰੀਏ ਬਾਰੇ ਇਹ ਕਿੰਨੀ ਆਧੁਨਿਕ ਹੈ? ਇਹ ਵਿਚਾਰਨਾ ਬਣਦਾ ਹੈ। ਵੇਸਵਾਪੁਣੇ ਲਈ ਮਜਬੂਰ ਔਰਤ ਨੂੰ ਸਮਾਜ ਵਿੱਚ ਮਾੜੀ ਗਿਣਿਆ ਜਾਂਦਾ ਹੈ, ਪਰ ਇਸ ਦੇ ਉਪਜਣ ਲਈ ਜ਼ਿੰਮੇਵਾਰ ਕਾਰਨਾਂ ਬਾਰੇ ਕੀ ਕਦੇ ਸੋਚਿਆ ਜਾਂਦਾ ਹੈ? ਇੰਜ ਕਮਾਏ ਪੈਸੇ ਨਾਲ ਉਹ ਕੀ ਕਰਦੀ ਹੈ? ਕੀ ਉਸ ਦਾ ਵੀ ਕੋਈ ਆਪਣਾ ਪਰਵਾਰ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਕਦੇ ਕੋਸ਼ਿਸ਼ ਕੀਤੀ ਜਾਂਦੀ ਹੈ?

ਕੁਝ ਸਮਾਂ ਪਹਿਲਾਂ ਇਹ ਸੋਚ ਭਰ ਰਹੀ ਸੀ ਕਿ ਜਿਵੇਂ ਜਿਵੇਂ ਦੇਸ਼ ਤਰੱਕੀ ਕਰੇਗਾ, ਲੋਕਾਂ ਵਿੱਚ ਜਾਗ੍ਰਿਤੀ ਵਧੇਗੀ ਤਾਂ ਸਮਾਜ ਵਿੱਚ ਦਾਜ ਤੇ ਮਹਿੰਗੇ ਵਿਆਹਾਂ ਦਾ ਰਿਵਾਜ਼ ਘਟ ਜਾਏਗਾ ਤੇ ਆਖਰ ਖਤਮ ਹੋ ਜਾਵੇਗਾ, ਪਰ ਹੋਇਆ ਇਸ ਦੇ ਬਿਲਕੁਲ ਉਲਟ। ਪਿਛਲੇ ਵੀਹ ਤੀਹ ਸਾਲਾਂ ਤੋਂ ਇਹ ਰਿਵਾਜ਼ ਹੋਰ ਵਧ ਗਿਆ ਹੈ ਅਤੇ ਇਸ ਦਾ ਰੂਪ ਵੀ ਨਿਰੰਤਰ ਬਦਲਦਾ ਜਾ ਰਿਹਾ ਹੈ। ਘਰੇਲੂ ਪੱਖੀਆਂ ਤੋਂ ਵਧਦਾ ਦਾਜ ਏ ਸੀ, ਕਾਰਾਂ ਤੱਕ ਪਹੁੰਚ ਗਿਆ ਹੈ। ਛੋਟੇ ਵੱਡਿਆਂ ਦੀ ਰੀਸ ਕਰਦੇ ਹਨ ਅਤੇ ਵੱਡੇ ਆਪਣਿਆਂ ਤੋਂ ਹੋਰ ਵੱਡਿਆਂ ਦੀ। ਫਲਾਣੇ ਮੰਤਰੀ ਜਾਂ ਅਫਸਰ ਨੇ ਆਪਣੀ ਕੁੜੀ ਦੇ ਵਿਆਹ ਵਿੱਚ ਇਹ ਗੱਡੀ ਦਿੱਤੀ। ਕੀ ਅਜਿਹੇ ਵਰਤਾਰੇ ਦਾਜ ਨੂੰ ਵਧਾਵਾ ਨਹੀਂ ਦੇ ਰਹੇ? ਜੇ ਪੜ੍ਹਿਆ ਲਿਖਿਆ ਸਥਾਪਤ ਪਰਵਾਰ ਜਾਂ ਵੱਡੇ ਅਫਸਰ, ਮੰਤਰੀ ਆਦਿ ਸਾਦੇ ਢੰਗ ਨਾਲ ਵਿਆਹ ਕਰਦੇ ਹਨ ਤਾਂ ਮੱਧ ਵਰਗ ਆਪਣੇ ਆਪ ਇਸ ਦਾ ਬਹੁਤ ਪ੍ਰਭਾਵ ਕਬੂਲ ਕਰ ਸਕਦਾ ਹੈ, ਪਰ ਇਹ ਵੱਡੇ ਕੋਰੋਨਾ ਲਾਕਡਾਊਨ ਦੌਰਾਨ ਵੀ ਨਿਯਮਾਂ ਨੂੰ ਛਿੱਕੇ ਟੰਗ ਕੇ ਵਿਆਹਾਂ ਤੋਂ 'ਤੇ ਸ਼ਾਹੀ ਖਰਚ ਤੇ ਵਿਖਾਵਾ ਕਰਨ ਤੋਂ ਬਾਜ਼ ਨਹੀਂ ਆਏ।

ਸੁਪਰੀਮ ਕੋਰਟ ਨੇ ਬੇਸ਼ੱਕ ਲੜਕੀ ਨੂੰ ਪਿਤਾ ਦੀ ਜਾਇਦਾਦ ਵਿੱਚੋਂ ਪੁੱਤਰ ਦੇ ਬਰਾਬਰ ਹੱਕ ਦੇ ਦਿੱਤਾ ਹੈ, ਪਰ ਕੀ ਵਿਹਾਰ ਵਿੱਚ ਅਜਿਹਾ ਕਰ ਕੇ ਲੜਕੀ ਅੱਗੇ ਤੋਂ ਆਪਣੇ ਭਰਾਵਾਂ ਜਾਂ ਪਰਵਾਰ ਦੇ ਹੋਰ ਮੈਂਬਰਾਂ ਨਾਲ ਵਰਤਣ ਦੇ ਕਾਬਲ ਰਹਿ ਸਕਦੀ ਹੈ? ਦੋ ਭਰਾ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦਾ ਹਿੱਸਾ ਲੈ ਕੇ ਆਪੋ ਵਿੱਚ ਵਧੀਆ ਵਰਤਦੇ ਹਨ, ਪਰ ਜੇ ਲੜਕੀ ਹਿੱਸਾ ਲੈਂਦੀ ਤਾਂ ਪੇਕੇ ਪਰਵਾਰ ਦੇ ਨਾਲ ਨਾਲ ਸਮਾਜ ਦੇ ਤਾਹਣੇ-ਮਿਹਣੇ ਤੇ ਨਫਰਤ ਦਾ ਸ਼ਿਕਾਰ ਬਣਦੀ ਹੈ। ਸਾਡਾ ਸਮਾਜ ਸਦੀਆਂ ਤੋਂ ਮਰਦ ਪ੍ਰਧਾਨ ਰਿਹਾ ਹੈ। ਇਥੇ ਮਰਦਾਂ ਦੀ ਵਿਚਾਰਧਾਰਾ ਹੀ ਬਹੁਤਾ ਸਮਾਜ ਦੀ ਬੁਨਿਆਦ ਮੰਨੀ ਜਾਂਦੀ ਹੈ ਤੇ ਇਹੀ ਵਿਚਾਰਧਾਰਾ ਕਿਤੇ ਨਾ ਕਿਤੇ ਅੱਜ ਵੀ ਚੱਲ ਰਹੀ ਹੈ ਕਿਉਂਕਿ ਗਿੱਚੀ ਪਿੱਛੇ ਮੱਤ ਵਾਲੀ ਧਾਰਨਾ ਪੜ੍ਹੇ ਲਿਖੇ ਵਰਗ ਵਿੱਚ ਵੀ ਬਲਵਾਨ ਹੈ। ਔਰਤ ਆਪਣੇ ਆਜ਼ਾਦ ਫੈਸਲੇ ਲੈਣ ਦੀ ਹੱਕਦਾਰ ਨਹੀਂ। ਔਰਤ ਅਸਹਿ ਪੀੜ ਸਹਿ ਕੇ ਬੱਚੇ ਨੂੰ ਜਨਮ ਦਿੰਦੀ ਹੈ, ਇਨਸਾਨੀ ਜਾਤ ਨੂੰ ਅਗਾਂਹ ਵਧਾਉਂਦੀ ਹੈ, ਪਰ ਨਾਮ ਜੁੜਦਾ ਹੈ ਪਹਿਲਾਂ ਪਿਤਾ ਦਾ। ਕਿਉਂ?

ਅੱਜ ਔਰਤ ਆਰਥਿਕ ਪ੍ਰਬੰਧ ਦੇ ਜ਼ਰੂਰੀ ਅੰਗ ਵਜੋਂ ਵੀ ਵਿਚਰ ਰਹੀ ਹੈ। ਕਈ ਪਰਵਾਰ ਅਜਿਹੇ ਹਨ ਜਿਨ੍ਹਾਂ ਦਾ ਔਰਤ ਦੀ ਕਮਾਈ ਤੋਂ ਬਿਨਾਂ ਗੁਜ਼ਾਰਾ ਨਹੀਂ। ਉਹ ਕਈ ਜ਼ਿੰਮੇਵਾਰੀਆਂ ਇੱਕੋ ਵੇਲੇ ਨਿਭਾ ਰਹੀ ਹੈ। ਆਰਥਿਕਤਾ ਦੇ ਨਾਲ ਨਾਲ ਉਸ ਨੇ ਰਾਜਨੀਤਕ ਚੇਤਨਾ ਵਿੱਚ ਵੀ ਪੈਰ ਪਸਾਰਨੇ ਸ਼ੁਰੂ ਕੀਤੇ ਹਨ, ਪਰ ਇਹ ਤਬਦੀਲੀ ਵੀ ਉਸ ਦੀ ਸਥਿਤੀ ਵਿੱਚ ਅਸਲ ਤਬਦੀਲੀ ਨਹੀਂ ਲਿਆ ਸਕੀ। ਆਰਥਿਕਤਾ ਦੇ ਘੇਰੇ ਵਿੱਚ ਕੇਵਲ ਪੜ੍ਹੀ-ਲਿਖੀ ਨੌਕਰੀ ਪੇਸ਼ਾ ਔਰਤ ਹੀ ਨਹੀਂ ਆਉਂਦੀ, ਪਿੰਡਾਂ ਵਿੱਚ ਕੰਮ ਕਰਦੀਆਂ ਔਰਤਾਂ ਵੀ ਆਪਣੀ ਦਿਹਾੜੀ ਮਜ਼ਦੂਰੀ ਨਾਲ ਇਸ ਵਿੱਚ ਹਿੱਸਾ ਪਾਉਂਦੀਆਂ ਹਨ। ਪੇਂਡੂ ਇਸਤਰੀਆਂ ਖੇਤੀ ਕਾਰਜਾਂ ਵਿੱਚ ਵੀ ਆਪਣੇ ਪਤੀ ਦੀ ਸਹਾਇਤਾ ਕਰਦੀਆਂ ਹਨ ਅਤੇ ਕੁਝ ਕੁ ਸਿਖਲਾਈ ਕਾਰਜਾਂ ਵਿੱਚ ਵੀ ਰੁੱਝੀਆਂ ਰਹਿੰਦੀਆਂ ਹਨ, ਪਰ ਉਨ੍ਹਾਂ ਦੇ ਕੰਮ ਨੂੰ ਗਿਣਿਆ ਨਹੀਂ ਜਾਂਦਾ। ਪੇਂਡੂ ਸੁਆਣੀ ਆਪਣੀਆਂ ਘਰੇਲੂ ਲੋਕ ਕਲਾਵਾਂ ਜਾਂ ਕਿੱਤਿਆਂ ਜ਼ਰੀਏ ਆਪਣੀ ਸੁਹਜਾਤਮਕਤਾ ਤੇ ਆਰਥਿਕਤਾ ਦੋਵਾਂ ਦਾ ਹੀ ਪ੍ਰਗਟਾਵਾ ਕਰਦੀਆਂ ਹਨ, ਪਰ ਇਸ ਨੂੰ ਕਦੇ ਵੀ ਆਰਥਿਕਤਾ 'ਚ ਯੋਗਦਾਨ ਵਜੋਂ ਨਹੀਂ ਦੇਖਿਆ ਜਾਂਦਾ।

ਅਜੋਕੇ ਸਮਾਜ ਵਿੱਚ ਨਾਅਰੇ ਔਰਤ-ਮਰਦ ਬਰਾਬਰੀ ਦੇ ਲਾਏ ਜਾਂਦੇ ਹਨ, ਪਰ ਕਿੱਥੇ ਹੈ ਬਰਾਬਰੀ। ਖੇਤਾਂ ਵਿੱਚ ਮਜ਼ਦੂਰੀ ਕਰਦੀ ਔਰਤ ਦੀ ਸਥਿਤੀ ਦੇਖੋ, ਜਿੱਥੇ ਭਾਰੀ ਵਿਤਕਰਾ ਕਰਦੀ ਔਰਤ, ਦੂਜੀ ਦਲਿਤ ਅਤੇ ਤੀਜਾ ਖੇਤ ਵਿੱਚ ਮਜ਼ਦੂਰੀ ਕਰਦੀ, ਇਹ ਸਥਿਤੀ ਵਿਚਾਰੀ ਜਾਣੀ ਬਣਦੀ ਹੈ। ਉਸ ਨਾਲ ਕੰਮ ਪਾਉਣ ਸਣੇ ਉਜਰਤ ਵਿੱਚ ਵੀ ਵਿਤਕਰਾ ਹੁੰਦਾ ਹੈ ਤੇ ਮਰਦ ਤੋਂ ਘੱਟ ਮਜ਼ਦੂਰੀ ਮਿਲਦੀ ਹੈ। ਵਿਕਸਤ ਪੂੰਜੀਵਾਦ ਨੇ ਔਰਤ ਦੇ ਸ਼ੋਸ਼ਣ ਵਿੱਚ ਹੋਰ ਵਾਧਾ ਕੀਤਾ ਹੈ। ਆਧੁਨਿਕ ਤਬਦੀਲੀ ਔਰਤ ਦੀ ਬਿਹਤਰੀ ਵੱਲ ਬਹੁਤਾ ਰੁਖ਼ ਨਹੀਂ ਕਰ ਸਕੀ। ਇਸ ਤਬਦੀਲੀ ਨੇ ਮਨੁੱਖੀ ਸੋਚ ਨੂੰ ਸਵੱਛ ਕਰਨ ਦਾ ਹੋਕਾ ਦੇ ਕੇ ਮਨੁੱਖੀ ਰਿਸ਼ਤਿਆਂ ਨੂੰ ਹੋਰ ਵੀ ਗੰਧਲਾ ਕਰ ਦਿੱਤਾ ਹੈ। ਔਰਤ ਆਰਥਿਕਤਾ ਵਿੱਚ ਯੋਗਦਾਨ ਤਾਂ ਪਾ ਰਹੀ ਹੈ, ਪਰ ਨਿਰਭਰ ਮਰਦ 'ਤੇ ਹੀ ਹੈ।

ਅਸੀਂ ਮਿਲ ਕੇ ਅਜਿਹੇ ਸਮਾਜ ਦੀ ਸਿਰਜਣਾ ਕਰੀਏ ਜਿੱਥੇ ਔਰਤ-ਮਰਦ ਦਾ ਬਰਾਬਰੀ ਦਾ ਦਰਜਾ ਹੋਵੇ। ਜਿੱਥੇ ਉਹ ਇੱਕ ਦੂਜੇ ਦੀ ਕਾਬਲੀਅਤ ਦੀ ਕਦਰ ਕਰਨ ਅਤੇ ਇੱਕ ਦੂਜੇ ਦੀਆਂ ਕਮੀਆਂ ਨੂੰ ਸੁਧਾਰਨ ਪ੍ਰਤੀ ਸਹਿਣਸ਼ੀਲਤਾ ਤੋਂ ਕੰਮ ਲੈਣ। ਅਜਿਹਾ ਸੁਖਾਵਾਂ ਮਾਹੌਲ ਸਿਰਜਣ ਦੀ ਜ਼ਿੰਮੇਵਾਰੀ ਸਭ ਦੀ ਹੈ ਅਤੇ ਇਸ ਵਿੱਚ ਆਪੋ ਆਪਣੀ ਭੂਮਿਕਾ ਅਦਾ ਕਰਨਾ ਸਭ ਦਾ ਫਰਜ਼ ਹੈ। ਸਾਡੀ ਜ਼ਿੰਮੇਵਾਰੀ ਹੈ ਔਰਤ ਦੀ ਮਾਨਸਿਕਤਾ ਨੂੰ ਸਮਝਣ ਦੀ। ਉਸ ਨੂੰ ਮਾਨਸਿਕ ਸੁਤੰਤਰਤਾ ਦੇਣ ਦੀ ਹੈ। ਸਿੱਖਿਆ ਦੌਰਾਨ ਆਈਆਂ ਮਾਨਸਿਕ ਤੇ ਹੋਰ ਰੁਕਾਵਟਾਂ ਨੂੰ ਦੂਰ ਕਰਨ ਦੀ। ਪਰਵਾਰ ਨੂੰ ਸਮਾਜ ਨੂੰ ਉਸ ਦੇ ਹਮਸਫਰ ਨੂੰ ਹਮੇਸ਼ਾ ਔਰਤ ਦਾ ਸਾਥ ਦੇਣਾ ਚਾਹੀਦਾ ਹੈ, ਤਦ ਕੋਈ ਵੀ ਅਜਿਹੀ ਤਾਕਤ ਨਹੀਂ, ਜੋ ਔਰਤ ਦੇ ਪੈਰਾਂ ਦੀਆਂ ਬੇੜੀਆਂ ਬਣ ਸਕੇ। ਸਮਾਜ ਵਿੱਚ ਜਦੋਂ ਕੋਈ ਤਬਦੀਲੀ ਵਾਪਰਦੀ ਹੈ, ਸੁਧਾਰ ਹੁੰਦਾ ਹੈ, ਸ਼ੁਰੂਆਤ ਇੱਕ ਵਿਅਕਤੀ ਤੋਂ ਹੁੰਦਾ ਹੈ ਤੇ ਹੌਲੀ-ਹੌਲੀ ਉਸ ਨਾਲ ਕਾਫਲਾ ਜਾ ਜੁੜਦਾ ਹੈ। ਇ ਤਰ੍ਹਾਂ ਔਰਤ ਨੂੰ ਖੁਦ ਆਪਣੇ ਹੁੰਦੇ ਸ਼ੋਸ਼ਣ ਵਿਰੁੱਧ ਆਵਾਜ਼ ਉਠਾ ਕੇ ਪਹਿਲ ਕਰਨੀ ਚਾਹੀਦੀ ਹੈ। ਖਾਸ ਤੌਰ 'ਤੇ ਔਰਤ ਨੂੰ ਔਰਤ ਦੀ ਸਹਾਇਕ ਬਣਨਾ ਚਾਹੀਦਾ ਹੈ। ਸਰਕਾਰ ਨੂੰ ਔਰਤਾਂ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਸਿਰਫ ਆਜ਼ਾਦੀ ਦੇ ਅਧਿਕਾਰ ਨਾਲ ਹੀ ਨਹੀਂ ਬਲਕਿ ਸਮਾਜ ਦਾ ਔਰਤ ਪ੍ਰਤੀ ਸੋਚ ਤੇ ਨਜ਼ਰੀਆ ਬਦਲਣ ਦੀ ਸਖਤ ਜ਼ਰੂਰਤ ਹੈ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਿੰਨੀ ਕਹਾਣੀ

## ਬਰਸਾਤ

-ਡਾਕਟਰ ਅਲਕਾ ਜੈਨ-

ਨੰਨ੍ਹਾ ਰਵੀ ਆਪਣੇ ਘਰ ਦੀ ਬਾਲਕਨੀ ਵਿੱਚ ਉਦਾਸ ਬੈਠਾ ਹੋਇਆ ਸੀ। ਬਾਹਰ ਬਹੁਤ ਤੇਜ਼ ਮੀਂਹ ਪੈ ਰਿਹਾ ਸੀ। ਮਾਂ ਨੇ ਉਸ ਨੰ ਇਸ ਤਰ੍ਹਾਂ ਬੈਠਾ ਦੇਖ ਕੇ ਪੁੱਛਿਆ, ''ਕੀ ਹੋਇਆ ਬੇਟਾ? ਕਿੰਨਾ ਵਧੀਆ ਮੌਸਮ ਹੈ ਅਤੇ ਤੂੰ ਇਸ ਤਰ੍ਹਾਂ ਉਦਾਸ ਬੈਠਾ ਏਂ?''

ਰਵੀ ਰੋਣੀ ਜਿਹੀ ਆਵਾਜ਼ ਵਿੱਚ ਬੋਲਿਆ, ''ਮਾਂ! ਹਰ ਸਾਲ ਮੈਂ ਦੋਸਤਾਂ ਦੇ ਨਾਲ ਮੀਂਹ ਵਿੱਚ ਖੂਬ ਮਸਤੀ ਕਰਦਾ ਸੀ, ਅਸੀਂ ਕਾਗਜ਼ ਦੀ ਬੇੜੀ ਬਣਾ ਕੇ ਪਾਣੀ ਵਿੱਚ ਤਾਰਦੇ ਸਨ। ਸਭ ਬੰਦ ਹੋ ਗਿਆ ਹੈ। ਇਹ ਮੀਂਹ ਮੈਨੂੰ ਬਿਲਕੁਲ ਵੀ ਚੰਗਾ ਨਹੀਂ ਲੱਗ ਰਿਹਾ।''

ਮਾਂ ਨੇ ਉਸ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਦੇ ਹੋਏ ਕਿਹਾ, ''ਬੇਟਾ! ਮੰਨਿਆ ਅਸੀਂ ਇਸ ਸੁਹਾਵਣੇ ਮੌਸਮ ਵਿੱਚ ਘੁੰਮ-ਫਿਰ ਨਹੀਂ ਸਕਦੇ, ਤੂੰ ਸਕੂਲ ਨਹੀਂ ਜਾ ਸਕਦਾ, ਇਹ ਵੀ ਮੰਨਿਆ ਕਿ ਮੀਂਹ ਦਾ ਸਵਾਗਤ ਕਰਨ ਦਾ ਉਤਸ਼ਾਹ ਫਿੱਕਾ ਪੈ ਗਿਆ ਹੈ, ਪਰ ਜ਼ਰਾ ਦੇਖ ਤਾਂ ਸਹੀ ਪ੍ਰਾਕ੍ਰਿਤੀ ਕਿੰਨੀ ਸੁੰਦਰ ਹੈ। ਮੀਂਹ ਦੀਆਂ ਬੂੰਦਾਂ ਦਾ ਸਪਰਸ਼ ਪਾ ਕੇ ਪੇੜ-ਪੌਦੇ ਮੁਸਕਰਾ ਉਠੇ ਹਨ। ਮੀਂਹ ਸਾਡੇ ਲਈ ਸਿਰਫ ਮਨੋਰੰਜਨ ਦਾ ਇੱਕ ਸਾਧਨ ਹੈ, ਸਮੁੱਚੀ ਸ੍ਰਿਸ਼ਟੀ ਦੇ ਪ੍ਰਾਣ ਉਸ 'ਤੇ ਟਿਕੇ ਹੋਏ ਹਨ। ਇਹ ਸਿਰਫ ਕਿਸਾਨ ਨਹੀਂ, ਸਾਰੇ ਜੀਵ-ਜਗਤ ਲਈ ਬਹੁਤ ਜ਼ਰੂਰੀ ਹੈ। ਮੰਨਿਆ ਕਿ ਅੱਜ ਕੋਰੋਨਾ ਦੇ ਕਾਰਨ ਅਸੀਂ ਘਰਾਂ ਵਿੱਚ ਰੁਕਣ ਲਈ ਮਜਬੂਰ ਹਾਂ, ਪਰ ਉਹ ਦਿਨ ਆਏਗਾ, ਜਦ ਅਸੀਂ ਬੇਫਿਕਰ ਹੋ ਕੇ ਬਰਸਾਤ ਦਾ ਮਜ਼ਾ ਲੈ ਸਕਾਂਗੇ। ਤਦ ਤੱਕ ਤੈਨੂੰ, ਸਾਨੂੰ ਸਾਰਿਆਂ ਨੂੰ ਧੀਰਜ ਰੱਖਣ ਪਵੇਗਾ। ਉਹੋ ਜਿਹਾ ਧੀਰਜ ਜਿਹੋ ਜਿਹੀ ਧਰਤੀ ਮਾਤਾ ਰੱਖਦੀ ਹੈ। ਇਹ ਸਹਿੰਦੀ ਹੈ ਸੂਰਜ ਦੇ ਤੇਜ਼ ਤਾਪ ਨੂੰ, ਸੜਦੀ ਹੈ, ਪਰ ਬਿਖਰਦੀ ਨਹੀਂ, ਕਿਉਂਕਿ ਉਹ ਮਾਂ ਹੈ। ਉਸ 'ਤੇ ਉਸ ਦੀਆਂ ਅਣਗਿਣਤ ਸੰਤਾਨਾਂ ਦਾ ਜੀਵਨ ਨਿਰਭਰ ਹੈ। ਅਤੇ ਜਦ ਇਸ ਤਪੱਸਿਆ ਦੇ ਬਾਅਦ ਛਮਛਮ ਮੀਂਹ ਵਰ੍ਹਦਾ ਹੈ ਤਾਂ ਧਰਤੀ ਹੀ ਨਹੀਂ ਸ੍ਰਿਸ਼ਟੀ ਦਾ ਰੋਮ-ਰੋਮ ਖਿੜਖਿੜਾ ਉਠਦਾ ਹੈ। ਇਸ ਲਈ ਬੇਟਾ, ਇਸ ਮੀਂਹ ਦਾ ਆਨੰਦ ਲੈ ਅਤੇ ਥੋੜ੍ਹਾ ਧੀਰਜ ਰੱਖ। ਇਹ ਬਰਸਾਤ ਅੱਜ ਸਾਨੂੰ ਕਹਿ ਰਹੀ ਹੈ ਕਿ ਇੱਕ ਦਿਨ ਕੋਰੋਨਾ ਖਤਮ ਹੋਵੇਗਾ। ਅਸੀਂ ਸਭ ਫਿਰ ਮੁਸਕਰਾਂਵਾਂਗੇ। ਬਾਰਿਸ਼ ਹੀ ਕਿਉਂ, ਹਰ ਮੌਸਮ ਦਾ ਆਨੰਦ ਲਵਾਂਗੇ।''

ਮਾਂ ਦੀਆਂ ਗੱਲਾਂ ਸੁਣ ਕੇ ਰਵੀ ਖਿੜ ਉਠਿਆ, ''ਵਾਹ! ਮੇਰੀ ਮਾਂ ਤਾਂ ਬਹੁਤ ਚੰਗੀਆਂ ਗੱਲਾਂ ਕਰਦੀ ਏ। ਮਨ ਦੀ ਸਾਰੀ ਉਦਾਸੀ ਖਤਮ ਕਰ ਦਿੱਤੀ ਹੈ ਮਾਂ ਤੁਸੀਂ। ਮੈਂ ਖੁਸ਼ ਹੋ ਕੇ ਬਰਸਾਤ ਦਾ ਸਵਾਗਤ ਕਰਾਂਗਾ।''

ਰਵੀ ਅਤੇ ਮਾਂ ਦੀ ਖਿੜਖਿੜਾਹਟ ਬਾਰਿਸ਼ ਦੀਆਂ ਬੂੰਦਾਂ ਵਰਗੀ ਹੀ ਪਿਆਰੀ ਲੱਗ ਰਹੀ ਸੀ।

## ਹਲਕਾ ਫੁਲਕਾ

ਨਵ ਵਿਆਹੁਤਾ ਨੂੰ ਉਸ ਦੀ ਸੱਸ ਕਹਿਣ ਲੱਗੀ, ''ਧੀਏ, ਅੱਜ ਤੋਂ ਮੈਨੂੰ ਆਪਣੀ ਮਾਂ ਅਤੇ ਸਹੁਰਾ ਸਾਹਿਬ ਨੂੰ ਆਪਣਾ ਪਿਤਾ ਸਮਝ।''

ਸ਼ਾਮ ਨੂੰ ਜਦੋਂ ਉਸ ਦਾ ਪਤੀ ਆਇਆ ਤਾਂ ਦੁਲਹਨ ਬੋਲੀ, ''ਮੰਮੀ ਜੀ, ਭਰਾ ਜੀ ਦਫਤਰ ਤੋਂ ਆ ਗਏ।''

*********

ਇੱਕ ਵਾਰ ਇੱਕ ਕਾਰ ਦੀ ਨੀਲਾਮੀ ਹੋ ਰਹੀ ਸੀ-1 ਲੱਖ, ਦੋ ਲੱਖ, ਤਿੰਨ ਲੱਖ...।

ਰਮਨ (ਹੈਰਾਨੀ ਨਾਲ), ''ਇਸ ਖਟਾਰਾ ਕਾਰ ਵਿੱਚ ਅਜਿਹਾ ਕੀ ਹੈ, ਜੋ ਇਸ ਦੀ ਇੰਨੀ ਉਚੀ ਬੋਲੀ ਲੱਗ ਰਹੀ ਹੈ?''


ਸੇਲਜ਼ਮੈਨ,''ਇਸ ਦੇ ਅੱਜ ਤੱਕ 10 ਐਕਸੀਡੈਂਟ ਹੋਏ ਹਨ, ਹਰ ਵਾਰ ਸਿਰਫ ਪਤਨੀ ਮਰਦੀ ਹੈ, ਪਤੀ ਸਹੀ-ਸਲਾਮਤ ਰਹਿੰਦਾ ਹੈ।''

ਰਮਨ (ਖੁਸ਼ ਹੋ ਕੇ), ''10 ਲੱਖ।''

*********

ਸੋਫੇ 'ਤੇ ਬੈਠੀ ਚਮੇਲੀ ਆਪਣੇ ਪਤੀ ਨੇੜੇ ਸਰਕ ਕੇ ਬੋਲੀ, ''ਕਿਉਂ ਜੀ, ਤੁਸੀਂ ਅਜਿਹਾ ਕਿਉਂ ਕਰਦੇ ਹੋ? ਜਦੋਂ ਵੀ ਮੈਂ ਕੋਲ ਆਉਂਦੀ ਹਾਂ, ਤੁਸੀਂ ਤੁਰੰਤ ਐਨਕ ਲਾ ਕੇ ਬੈਠ ਜਾਂਦੇ ਹੋ।''

ਅਨਿਲ,''ਡਾਕਟਰ ਨੇ ਮੈਨੂੰ ਇਲਾਜ ਕਰਨ ਵੇਲੇ ਕਿਹਾ ਸੀ ਕਿ ਜਦੋਂ ਵੀ ਸਿਰ-ਦਰਦ ਕੋਲ ਆਉਣ ਲੱਗੇ ਤੁਰੰਤੇ ਐਨਕ ਲਾ ਲਿਆ ਕਰ।''

MARVES HARDWOOD FLOORING

Services:
Fence - Hardwood Flooring
Stairs - Small Renovation
John
416-787-6551


jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਫਾਰਮ ਵਿਚ ਕਾਮਿਆਂ ਦੀ ਲੋੜ
ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫ਼ਤੇ ਦੇ ਛੇ ਦਿਨ ਕੰਮ
ਸੰਪਰਕ: 647 765 4145

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal
Sales Representative

Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005


AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਅਗਲੀਆਂ ਚੋਣਾਂ ਵੱਲ ਦੌੜ ਰਹੇ ਦਿਨ ਤੇ ਪੰਜਾਬ ਦੀ ਰਾਜਨੀਤੀ



ਜਤਿੰਦਰ ਪੰਨੂ

ਬੇਲੋੜਾ ਹੁੰਦਿਆਂ ਵੀ ਇਹ ਜ਼ਿਕਰ ਕਰਨਾ ਪੈਂਦਾ ਹੈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਡੇਢ ਸਾਲ ਹੀ ਬਾਕੀ ਰਹਿੰਦਾ ਹੈ ਤੇ ਅੱਜ ਵਾਲੀ ਸਰਕਾਰ ਕੋਲ ਕੰਮ ਲਈ ਮਸਾਂ ਛੇ ਕੁ ਮਹੀਨੇ ਬਚਦੇ ਹਨ। ਆਖਰੀ ਸਾਲ ਵਿੱਚ ਅਫਸਰ ਅਗਲੇ ਹਾਕਮਾਂ ਦੇ ਨਕਸ਼ ਪਛਾਨਣ ਲੱਗ ਪੈਂਦੇ ਅਤੇ ਮੌਕੇ ਦੀ ਸਰਕਾਰ ਦਾ ਹੁਕਮ ਮੰਨਣਾ ਬੰਦ ਕਰ ਦੇਂਦੇ ਹਨ। ਪੰਜਾਬ ਵਿੱਚ ਅੱਜ ਵੀ ਕਈ ਵੱਡੇ ਅਫਸਰ ਆਪਣੇ ਮੰਤਰੀਆਂ ਦੀ ਪਰਵਾਹ ਕਰਨੀ ਛੱਡ ਕੇ ਅੰਦਰ ਦੀਆਂ ਗੱਲਾਂ ਬਾਹਰ ਮੀਡੀਆ ਨੂੰ ਖੁੱਲ੍ਹੀਆਂ ਲੀਕ ਕਰੀ ਜਾਂਦੇ ਹਨ, ਹੋਰ ਛੇ ਮਹੀਨਿਆਂ ਤੱਕ ਇਨ੍ਹਾਂ ਅਫਸਰਾਂ ਨੇ ਕਿਸੇ ਦਾ ਕੁੰਡਾ ਨਹੀਂ ਮੰਨਣਾ। ਕਿਉਂਕਿ ਇਸ ਵੇਲੇ ਦੀ ਸਰਕਾਰ ਦਾ ਦੋਪਹਿਰਾ ਢਲ ਚੁੱਕਾ ਅਤੇ ਸ਼ਾਮ ਪੈਣ ਦਾ ਸਮਾਂ ਹੋਇਆ ਪਿਆ ਹੈ, ਇਸ ਲਈ ਪੰਜਾਬ ਵਿਚਲੀਆਂ ਬਾਕੀ ਪਾਰਟੀਆਂ ਵੀ ਅੱਜਕੱਲ੍ਹ ਲਗਭਗ ਹਰ ਕਦਮ ਅਗਲੀਆਂ ਚੋਣਾਂ ਦੀ ਲੋੜ ਵਾਲੇ ਮੁੱਦੇ ਲੱਭ ਕੇ ਚੁੱਕਦੀਆਂ ਹਨ। ਸਾਰੇ ਸੰਸਾਰ ਵਿੱਚ ਜਿਹੜੀ ਕੋਰੋਨਾ ਦੀ ਮਹਾਮਾਰੀ ਨੇ ਸਾਹ ਸੁਕਾਏ ਪਏ ਹਨ, ਉਸ ਬਾਰੇ ਪੰਜਾਬ ਦੇ ਰਾਜਸੀ ਆਗੂ ਨਹੀਂ ਸੋਚਦੇ। ਉਨ੍ਹਾਂ ਦਾ ਧਿਆਨ ਇਸ ਵਕਤ ਆਪਣੀ ਅਗਲੀ ਰਾਜਸੀ ਛਾਲ ਲਈ ਪੜੁੱਲ ਬੰਨ੍ਹਣ ਜਾਂ ਮਿਲੀ ਹੋਈ ਕੁਰਸੀ ਬਚਾਉਣ ਵੱਲ ਹੈ, ਆਮ ਲੋਕਾਂ ਦੀ ਹਾਲਤ ਸਿਰਫ ਸਿਆਸੀ ਭਾਸ਼ਣਾਂ ਦਾ ਮੁੱਦਾ ਬਣ ਕੇ ਰਹਿ ਗਈ ਹੈ।

ਆਜ਼ਾਦੀ ਮਿਲਣ ਪਿੱਛੋਂ ਪਹਿਲੀ ਚੋਣ ਨੂੰ ਛੱਡ ਕੇ ਹਮੇਸ਼ਾ ਵਿਰੋਧ ਦੀ ਮੁੱਖ ਧਿਰ ਰਹੇ ਅਤੇ ਅੱਧੀ ਦਰਜਨ ਤੋਂ ਵੱਧ ਵਾਰ ਸਰਕਾਰਾਂ ਬਣਾ ਚੁੱਕੇ ਅਕਾਲੀ ਦਲ ਦੀ ਹਾਲਤ ਇਸ ਵਕਤ ਬਾਕੀ ਸਾਰਿਆਂ ਤੋਂ ਮਾੜੀ ਜਾਪਦੀ ਹੈ। ਉਸ ਦੀ ਹਾਲਤ ਵਿਗੜਨ ਦਾ ਕੋਈ ਇੱਕ ਕਾਰਨ ਨਹੀਂ, ਬਰਗਾੜੀ ਕਾਂਡ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਾਲਾਇਕੀ ਕਾਰਨ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਗੁੰਮ ਹੋਣ ਤੱਕ ਕਈ ਸਾਰੇ ਕਾਰਨ ਹਨ। ਕੇਂਦਰ ਦੀ ਸਰਕਾਰ ਨੇ ਜਦੋਂ ਕਿਸਾਨੀ ਜਿਨਸਾਂ ਬਾਰੇ ਤਿੰਨ ਆਰਡੀਨੈਂਸ ਇਹੋ ਜਿਹੇ ਲਿਆਂਦੇ, ਜਿਹੜੇ ਇਸ ਰਾਜ ਦੇ ਕਿਸਾਨਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਹੋ ਸਕਦੇ, ਉਨ੍ਹਾਂ ਆਰਡੀਨੈਂਸਾਂ ਦੀ ਪਹਿਲਾਂ ਛੋਟੇ ਬਾਦਲ ਵੱਲੋਂ ਅਤੇ ਫਿਰ ਵੱਡੇ ਬਾਦਲ ਵੱਲੋਂ ਹਮਾਇਤ ਨੇ ਅਕਾਲੀ ਦਲ ਦੀ ਹਾਲਤ ਹੋਰ ਖਰਾਬ ਕਰ ਦਿੱਤੀ ਹੈ। ਇਸ ਪਾਰਟੀ ਦੇ ਅੰਦਰ, ਅਤੇ ਖਾਸ ਤੌਰ ਉੱਤੇ ਪਾਰਟੀ ਦੇ ਮੁਖੀ ਪਰਵਾਰ ਅੰਦਰ ਜਿਹੜੀ ਸ਼ਖਸੀਅਤਾਂ ਦੀ ਆਪਸੀ ਖਿੱਚੋਤਾਣ ਵਧ ਰਹੀ ਹੈ, ਉਹ ਅਜੇ ਕੁਝ ਹੋਰ ਨੁਕਸਾਨ ਕਰ ਸਕਦੀ ਹੈ। ਇਸ ਕਾਰਨ ਅਕਾਲੀ ਦਲ ਦੀ ਲੀਡਰਸ਼ਿਪ ਬਾਹਰੋਂ ਭਾਵੇਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਬੜੀ ਉਤਾਵਲੀ ਦਿਖਾਈ ਦੇਂਦੀ ਹੈ, ਅੰਦਰ ਤੋਂ ਉਸ ਦੇ ਆਗੂਆਂ ਨੂੰ ਆਪੋ ਆਪਣੇ ਹਲਕੇ ਬਾਰੇ ਵੀ ਚਿੰਤਾ ਸਤਾਉਂਦੀ ਸੁਣੀ ਜਾ ਰਹੀ ਹੈ।

ਦੂਸਰੀ ਗਿਣਨ ਜੋਗੀ ਆਮ ਆਦਮੀ ਪਾਰਟੀ ਹੈ, ਜਿਹੜੀ ਪਿਛਲੀ ਵਾਰੀ ਰਾਜ ਸਰਕਾਰ ਬਣਾਉਣ ਦੇ ਸੁਫਨੇ ਨਾਲ ਤੁਰੀ ਸੀ ਤੇ ਮਸਾਂ ਵੀਹ ਸੀਟਾਂ ਤੱਕ ਸਿਮਟ ਕੇ ਰਹਿ ਗਈ ਸੀ। ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਇਸ ਪਾਰਟੀ ਦੇ ਅੰਦਰਲੇ ਹਾਲਾਤ ਨੇ ਇਸ ਨੂੰ ਢਾਹ ਵੀ ਲਾਈ ਹੈ ਤੇ ਕੰਮ ਦਾ ਕੋਈ ਤਜਰਬਾ ਨਾ ਹੋਣ ਕਾਰਨ ਇਸ ਦੇ ਕਈ ਵਿਧਾਇਕਾਂ ਨੇ ਆਪਣੇ ਹਲਕਿਆਂ ਵਿੱਚ ਪੈਰ ਜਮਾਉਣ ਜੋਗੀ ਸਰਗਰਮੀ ਵੀ ਨਹੀਂ ਸੀ ਕੀਤੀ। ਉਹ ਪਿਛਲੀ ਵਾਰ ਦੀ ਲਹਿਰ ਦੀ ਝਾਕ ਛੱਡਣ ਨੂੰ ਤਿਆਰ ਨਹੀਂ ਤੇ ਇਹ ਵੀ ਨਹੀਂ ਸੋਚਣਾ ਚਾਹੁੰਦੇ ਕਿ ਪਹਿਲੀ ਵਾਰ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿੱਤ ਚੁੱਕੀ ਇਹ ਹੀ ਪਾਰਟੀ ਜੇ ਦੂਸਰੀ ਵਾਰੀ ਸਿਰਫ ਇੱਕ ਸੀਟ ਅਤੇ ਉਹ ਵੀ ਉਮੀਦਵਾਰ ਦੇ ਨਿੱਜੀ ਅਕਸ ਸਦਕਾ ਜਿੱਤ ਸਕੀ ਹੈ ਤਾਂ ਜਦੋਂ ਵਿਧਾਨ ਸਭਾ ਚੋਣਾਂ ਹੋਈਆਂ, ਓਦੋਂ ਪਿਛਲੀ ਵਾਰ ਦੀਆਂ ਵੀਹਾਂ ਵਿੱਚੋਂ ਅੱਧੀਆਂ ਸੀਟਾਂ ਵੀ ਨਹੀਂ ਮਿਲਣੀਆਂ। ਸਿਰਫ ਤਿੰਨ ਜਾਂ ਚਾਰ ਵਿਧਾਇਕਾਂ ਨੇ ਏਨਾ ਕੁ ਕੰਮ ਕੀਤਾ ਹੈ ਕਿ ਉਹ ਅਗਲੀ ਵਾਰੀ ਸਿਰ ਉੱਚਾ ਕਰ ਕੇ ਲੋਕਾਂ ਵਿੱਚ ਜਾਣ ਜੋਗੇ ਕਹੇ ਜਾ ਸਕਦੇ ਹਨ, ਬਾਕੀਆਂ ਨੂੰ ਰਹਿੰਦੇ ਡੇਢ ਸਾਲ ਵਿੱਚ ਕੰਮ ਕਰਨਾ ਜਾਂ ਆਪਣੇ ਨਾਂਅ ਨਾਲ ਸਾਬਕਾ ਲਿਖਾਉਣ ਲਈ ਅੱਜ ਤੋਂ ਹੀ ਤਿਆਰ ਹੋਣਾ ਚਾਹੀਦਾ ਹੈ। ਉਹ ਇਸ ਸੱਚਾਈ ਨੂੰ ਅਜੇ ਵੀ ਮੰਨਣ ਨੂੰ ਤਿਆਰ ਨਹੀਂ।



ਰਹਿ ਗਈ ਗੱਲ ਉਸ ਕਾਂਗਰਸ ਪਾਰਟੀ ਦੀ, ਜਿਸ ਦੇ ਲੀਡਰ ਇਹ ਸੋਚ ਕੇ ਅਗਲੀ ਚੋਣ ਜਿੱਤਣ ਦਾ ਸੁਫਨਾ ਲੈ ਰਹੇ ਹਨ ਕਿ ਅਕਾਲੀ ਜਦੋਂ ਪਿਛਲੀ ਮਾਰ ਤੋਂ ਉੱਠਣ ਜੋਗੇ ਨਹੀਂ ਹੋ ਸਕੇ ਤੇ ਆਮ ਆਦਮੀ ਪਾਰਟੀ ਅੱਗੇ ਨਹੀਂ ਵਧ ਸਕੀ ਤਾਂ ਲੋਕਾਂ ਕੋਲ ਸਾਡਾ ਕੋਈ ਬਦਲ ਹੀ ਨਹੀਂ, ਇਸ ਲਈ ਅਸੀਂ ਫਿਰ ਜਿੱਤ ਜਾਣਾ ਹੈ। ਲੋਕ ਕਿਸੇ ਦੇ ਪਿਓ ਦੇ ਖਰੀਦੇ ਹੋਏ ਨਹੀਂ ਕਿ ਸੌ ਐਬਾਂ ਦੇ ਬਾਵਜੂਦ ਉਨ੍ਹਾਂ ਨੂੰ ਬਿਨਾਂ ਸੋਚਿਆਂ ਵੋਟਾਂ ਪਾਈ ਜਾਣਗੇ। ਇਸ ਪਾਰਟੀ ਦਾ ਸਭ ਤੋਂ ਵੱਡਾ ਦੁਸ਼ਮਣ ਤਾਂ ਇਸ ਪਾਰਟੀ ਦੇ ਆਪਣੇ ਲੀਡਰ ਹਨ। ਇਹ ਆਪੋ ਵਿੱਚ ਮਿਲ ਕੇ ਢਾਈ ਕਦਮ ਨਹੀਂ ਚੱਲ ਸਕਦੇ। ਬਾਦਲ ਰਾਜ ਵਿੱਚ ਇੱਕ ਵਾਰੀ ਵਿਧਾਨ ਸਭਾ ਵਿੱਚ ਪਹਿਲੇ ਦਿਨ ਅਕਾਲੀਆਂ ਨੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਧੜੇ ਨੂੰ ਚੋਖਾ ਰਗੜਾ ਲਾਇਆ ਅਤੇ ਭੱਠਲ ਅਤੇ ਬਾਜਵਾ ਧੜੇ ਚੁੱਪ ਰਹੇ ਸਨ। ਅਗਲੇ ਦਿਨ ਸਵੇਰੇ ਭੱਠਲ ਧੜੇ ਦੇ ਖਿਲਾਫ ਜਦੋਂ ਸਿੱਧਾ ਫਾਇਰ ਖੋਲ੍ਹ ਦਿੱਤਾ ਤੇ ਇਸ ਵਿੱਚ ਖੁਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹੋ ਗਏ ਤਾਂ ਪਿਛਲੇ ਦਿਨਾਂ ਦੇ ਕੌੜ ਖਾਈ ਫਿਰਦੇ ਕੈਪਟਨ ਧੜੇ ਦੇ ਵਿਧਾਇਕ ਚੁੱਪ ਕੀਤੇ ਰਹੇ ਸਨ। ਤੀਸਰਾ ਮੌਕਾ ਚੁਣ ਕੇ ਅਕਾਲੀਆਂ ਨੇ ਬਾਜਵਾ ਧੜੇ ਦੇ ਖਿਲਾਫ ਚਾਂਦਮਾਰੀ ਛੋਹ ਲਈ ਅਤੇ ਇਸ ਵਾਰੀ ਕੈਪਟਨ ਅਤੇ ਭੱਠਲ ਧੜੇ ਇਸ ਲਈ ਚੁੱਪ ਕੀਤੇ ਰਹੇ ਸਨ ਕਿ ਉਨ੍ਹਾਂ ਦੇ ਖਿਲਾਫ ਇਹੋ ਕੁਝ ਹੋਣ ਵੇਲੇ ਬਾਜਵਾ ਧੜਾ ਚੁੱਪ ਕੀਤਾ ਰਿਹਾ ਸੀ। ਉਹ ਧੜੇਬੰਦੀ ਇਸ ਵੇਲੇ ਵੀ ਰੰਗ ਵਿਖਾਈ ਜਾਂਦੀ ਹੈ। ਦੂਸਰਾ ਪੱਖ ਇਹ ਹੈ ਕਿ ਇਸ ਪਾਰਟੀ ਦੇ ਕੁਝ ਵਿਧਾਇਕ ਇਸ ਪਾਰਟੀ ਦੀ ਬੇੜੀ ਦੇ ਪੱਥਰ ਬਣੀ ਜਾ ਰਹੇ ਹਨ, ਪਰ ਉਨ੍ਹਾਂ ਬਾਰੇ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਕਿਸੇ ਪੱਧਰ ਉੱਤੇ ਨਹੀਂ ਕੀਤੀ ਗਈ। ਪਹਿਲਾਂ ਸ਼ੰਭੂ ਬੈਰੀਅਰ ਨੇੜੇ ਨਕਲੀ ਸ਼ਰਾਬ ਵਾਲੇ ਗੋਦਾਮਾਂ ਦੇ ਕੇਸ ਵਿੱਚ ਦੋ ਵਿਧਾਇਕਾਂ ਦਾ ਨਾਂਅ ਆਇਆ ਤਾਂ ਹਾਕਮ ਪਾਰਟੀ ਚੁੱਪ ਰਹੀ ਤੇ ਫਿਰ ਮਾਝੇ ਵਿੱਚ ਜਦੋਂ ਨਕਲੀ ਸ਼ਰਾਬ ਨਾਲ ਮੌਤਾਂ ਹੋਣ ਲੱਗ ਪਈਆਂ, ਓਦੋਂ ਵੀ ਪਾਰਟੀ ਜਾਂ ਸਰਕਾਰ ਨੇ ਕਾਰਵਾਈ ਨਹੀਂ ਸੀ ਕੀਤੀ। ਇਸ ਦੇ ਬਾਅਦ ਦਲਿਤ ਵਿਦਿਆਰਥੀਆਂ ਦੇ ਵਜ਼ੀਫਿਆਂ ਦਾ ਮੁੱਦਾ ਉੱਭਰ ਪਿਆ ਹੈ। ਇੱਕ ਮੰਤਰੀ ਇਸ ਲਈ ਚਰਚਾ ਵਿੱਚ ਹੈ, ਹਰ ਪਾਸੇ ਉਸ ਇੱਕੋ ਮੰਤਰੀ ਕਾਰਨ ਸਰਕਾਰ ਦੀ ਬਦਨਾਮੀ ਹੋ ਰਹੀ ਹੈ, ਪਰ ਨਾ ਉਹ ਆਪ ਅਸਤੀਫਾ ਦੇਣ ਵਾਸਤੇ ਤਿਆਰ ਹੈ ਤੇ ਨਾ ਉਸ ਨੂੰ ਕਾਂਗਰਸ ਪਾਰਟੀ ਜਾਂ ਮੁੱਖ ਮੰਤਰੀ ਨੇ ਕੁਰਸੀ ਛੱਡਣ ਲਈ ਕਿਹਾ ਹੈ।

ਰਾਜ ਸਰਕਾਰ ਦੇ ਤਰਫਦਾਰੀ ਕਰਨ ਵਾਲੇ ਇਹ ਕਹਿੰਦੇ ਹਨ ਕਿ ਜਦੋਂ ਅਕਾਲੀ ਦਲ ਅਜੇ ਆਪਣੇ ਪਾਪਾਂ ਦੇ ਬੋਝ ਤੋਂ ਖਹਿੜਾ ਨਹੀਂ ਛੁਡਾ ਸਕਿਆ, ਆਮ ਆਦਮੀ ਪਾਰਟੀ ਅੱਗੇ ਵਧਣ ਦੀ ਥਾਂ ਪਿੱਛੇ ਸਰਕਦੀ ਦਿੱਸਦੀ ਹੈ ਤਾਂ ਕਾਂਗਰਸ ਦਾ ਬਦਲ ਹੀ ਕੋਈ ਨਹੀਂ। ਕਹਿਣ ਤੋਂ ਭਾਵ ਇਹ ਕਿ ਲੋਕਾਂ ਨੂੰ ਮਜਬੂਰੀ ਵਿੱਚ ਏਸ ਨੂੰ ਜਿਤਾਉਣਾ ਪੈਣਾ ਹੈ। ਸਰਕਾਰ ਚਲਾ ਰਹੀ ਪਾਰਟੀ ਦੇ ਇਹੋ ਜਿਹੇ ਸਮੱਰਥਕ ਇਸ ਪਾਰਟੀ ਨੂੰ ਸੁਫਨੇ ਦੀ ਦੁਨੀਆ ਵਿੱਚੋਂ ਬਾਹਰ ਨਹੀਂ ਆਉਣ ਦੇਣਾ ਚਾਹੁੰਦੇ ਤੇ ਇਹ ਹਕੀਕਤ ਭੁਲਾਈ ਫਿਰਦੇ ਹਨ ਕਿ ਅੱਕੇ ਹੋਏ ਲੋਕ ਕਈ ਵਾਰੀ ਇਹ ਸੋਚ ਕੇ ਵੀ ਵੋਟਾਂ ਪਾਉਣ ਤੁਰ ਪੈਂਦੇ ਹੁੰਦੇ ਹਨ ਕਿ ਮੌਕੇ ਦਾ ਮਾਲਕ ਬਦਲੀਏ, ਹੋਰ ਭਾਵੇਂ ਕਾਲਾ ਚੋਰ ਵੀ ਆ ਜਾਏ। ਕਈ ਵਾਰ ਇਹੋ ਜਿਹੇ ਹਾਲਤ ਵਿੱਚ ਆਮ ਲੋਕ ਵੋਟ ਪਾ ਕੇ ਸਚਮੁੱਚ ਕਾਲੇ ਚੋਰ ਵਰਗੇ ਆਗੂ ਵੀ ਜਿਤਾ ਦੇਂਦੇ ਰਹੇ ਹਨ, ਪਰ ਲੋਕਾਂ ਨੂੰ ਭੁਲਾ ਬੈਠੀ ਸਰਕਾਰ ਨੂੰ ਠਿੱਬੀ ਲਾਉਣ ਦਾ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਹੁੰਦਾ। ਕਾਂਗਰਸ ਪਾਰਟੀ ਪਹਿਲਾਂ ਵੀ ਏਦਾਂ ਦੀਆਂ ਠਿੱਬੀਆਂ ਖਾ ਚੁੱਕੀ ਹੈ।

ਦਿਨ ਭਾਵੇਂ ਪੰਜਵੇਂ ਗੇਅਰ ਵਿੱਚ ਪਈ ਗੱਡੀ ਵਾਂਗ ਦੌੜਦੇ ਜਾਂਦੇ ਹਨ, ਪਰ ਇਨ੍ਹਾਂ ਦੇ ਨਾਲ ਕਦਮ ਮਿਲਾ ਕੇ ਚੱਲਣ ਲਈ ਜਿਨ੍ਹਾਂ ਪਾਰਟੀਆਂ ਨੂੰ ਗੇਅਰ ਬਦਲਣੇ ਚਾਹੀਦੇ ਹਨ, ਉਹ ਅਜੇ ਤੱਕ ਇਸ ਗੇਅਰ ਵਿੱਚ ਨਹੀਂ ਪੈ ਸਕੀਆਂ।


# ਲੱਗਦਾ ਹੈ ਕਿ ਭਾਰਤ ਸਰਕਾਰ ਨੇ ਕੋਰੋਨਾ ਤੋਂ ਆਪਣੇ ਹੱਥ ਧੋ ਲਏ

-ਵਿਪਿਨ ਪੱਬੀ-

ਭਾਰਤ 'ਚ ਕੋਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ 'ਚ ਕੋਈ ਕਮੀ ਨਹੀਂ ਆ ਰਹੀ। ਪਿਛਲੇ ਕੁਝ ਹਫ਼ਤਿਆਂ ਤੋਂ ਇਸ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਰੋਜ਼ ਲੱਗਭਗ ਇਕ ਲੱਖ ਲੋਕ ਇਨਫੈਕਟਿਡ ਹੋ ਰਹੇ ਹਨ ਜੋ ਵਿਸ਼ਵ 'ਚ ਸਭ ਤੋਂ ਉਚੀ ਦਰ ਹੈ। ਅਜੇ ਵੀ ਇਹ ਅੰਕੜੇ ਭਟਕਾਉਣ ਵਾਲੇ ਹੋ ਸਕਦੇ ਹਨ। ਪਹਿਲਾ ਇਹ ਕਿ ਦੇਸ਼ 'ਚ ਟੈਸਟਿੰਗ ਦਰ ਸਪੱਸ਼ਟ ਤੌਰ 'ਤੇ 18,000 ਪ੍ਰਤੀ ਮਿਲੀਅਨ ਹੈ, ਜੋ ਸ਼ਾਇਦ ਵੱਡੇ ਦੇਸ਼ਾਂ ਵਿੱਚ ਸਭ ਤੋਂ ਘੱਟ ਹੈ। ਭਾਰਤ ਦੀ ਆਬਾਦੀ ਦਾ ਨੰਬਰ ਚੀਨ ਦੇ ਬਾਅਦ ਆਉਂਦਾ ਹੈ। ਅਜਿਹਾ ਸ਼ੱਕ ਹੈ ਕਿ ਬਹੁਤੇ ਟੈਸਟਿੰਗ ਦਾ ਨਤੀਜਾ ਪੜਤਾਲੇ ਜਾਣ ਨਾਲ ਕੇਸਾਂ ਦੀ ਗਿਣਤੀ 'ਚ ਵਾਧਾ ਹੋ ਸਕਦਾ ਹੈ। ਦੂਸਰੀ ਗੱਲ ਇਹ ਹੈ ਕਿ ਅਜਿਹੀਆਂ ਵੀ ਰਿਪੋਰਟਾਂ ਹਨ ਕਿ ਮੌਤ ਦਾ ਕਾਰਨ ਕੋਵਿਡ ਕੇਸਾਂ ਦੀ ਜ਼ਿਆਦਾ ਗਿਣਤੀ ਦਾ ਨਹੀਂ, ਸਗੋਂ ਕੁਝ ਹੋਰ ਬੀਮਾਰੀਆਂ ਹਨ, ਜੋ ਮਰੀਜ਼ ਪਹਿਲਾਂ ਤੋਂ ਭੋਗ ਰਹੇ ਹਨ। ਅਜਿਹੀ ਕੋਈ ਮੌਤ ਜਾਂ ਸ਼ਿਕਾਇਤ ਨਹੀਂ ਸੀ, ਜਿੱਥੇ ਪੀੜਤਾਂ ਦੇ ਰਿਸ਼ਤੇਦਾਰਾਂ ਨੇ ਇਹ ਦੱਸਿਆ ਹੋਵੇ ਕਿ ਮਰਨ ਵਾਲੇ ਦਾ ਕੋਰੋਨਾ ਵਾਇਰਸ ਲਈ ਟੈਸਟ ਹੀ ਨਹੀਂ ਕੀਤਾ ਗਿਆ ਸੀ। ਭਾਰਤ 'ਚ ਅਸੀਂ ਲੋਕ ਕੋਵਿਡ ਦੀ ਪਹਿਲੀ ਲਹਿਰ ਭੁਗਤ ਰਹੇ ਹਾਂ। ਕਈ ਪੱਛਮੀ ਦੇਸ਼ ਕੋਵਿਡ ਦੀਆਂ ਦੂਸਰੀਆਂ ਲਹਿਰਾਂ ਨੂੰ ਦੇਖ ਰਹੇ ਹਨ, ਜਿੱਥੇ ਅਜਿਹੀਆਂ ਰਿਪੋਰਟਾਂ ਹਨ ਕਿ ਇਹ ਹੋਰ ਵੀ ਖਤਰਨਾਕ ਹੈ। ਨਿਊਜ਼ੀਲੈਂਡ ਵਰਗੇ ਦੇਸ਼ ਨੇ ਆਪਣੇ ਆਪ ਨੂੰ ਕੋਵਿਡ ਮੁਕਤ ਐਲਾਨ ਕੀਤਾ ਹੋਇਆ ਸੀ, ਪਰ ਉਥੇ ਵੀ ਸਾਰੇ ਉਪਾਵਾਂ ਅਤੇ ਸਾਵਧਾਨੀਆਂ ਦੇ ਬਾਵਜੂਦ ਤਾਜ਼ਾ ਮਾਮਲੇ ਉਜਾਗਰ ਹੋ ਰਹੇ ਹਨ। ਦੇਸ਼ 'ਚ ਮਹਾਮਾਰੀ ਫੈਲਣ ਬਾਰੇ ਹੋਰ ਚਿੰਤਾਜਨਕ ਤੱਤ ਇਹ ਹੈ ਕਿ ਤਾਜ਼ਾ ਟ੍ਰੈਂਡ ਇਹ ਦਰਸਾਉਂਦਾ ਹੈ ਕਿ ਇਹ ਬੀਮਾਰੀ ਦਿਹਾਤੀ ਇਲਾਕਿਆਂ ਵੱਲ ਵਧ ਰਹੀ ਹੈ ਜਿੱਥੇ ਸਿਹਤ ਸਹੂਲਤਾਂ ਦੀ ਮੁੱਢਲੀ ਘਾਟ ਹੈ। ਇੱਕ ਅਧਿਕਾਰਕ ਸਰਵੇ ਅਨੁਸਾਰ ਨਵੇਂ ਪਾਜ਼ੇਟਿਵ ਕੇਸਾਂ ਵਿੱਚੋਂ ਅੱਧੇ ਉਨ੍ਹਾ 739 ਜ਼ਿਲ੍ਹਿਆਂ 'ਚੋਂ 538 'ਚੋਂ ਆਏ ਹਨ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਦਿਹਾਤੀ ਜਾਂ ਦਿਹਾਤੀ ਜ਼ਿਲ੍ਹਿਆਂ ਵਜੋਂ ਦੇਖਿਆ ਗਿਆ ਹੈ।

ਉਂਜ ਭਾਰਤ ਦੀ ਆਬਾਦੀ ਦਾ ਵਧੇਰੇ ਹਿੱਸਾ ਦਿਹਾਤੀ ਜਾਂ ਸੈਮੀ-ਦਿਹਾਤੀ ਇਲਾਕਿਆਂ 'ਚ ਰਹਿ ਰਿਹਾ ਹੈ, ਜਿੱਥੇ ਸਿਹਤ ਦਾ ਮੁੱਢਲਾ ਢਾਂਚਾ ਚੰਗਾ ਨਹੀਂ। ਅਜਿਹੇ ਇਲਾਕਿਆਂ 'ਚ ਪੀੜਤਾਂ ਨੂੰ ਆਪਣੀ ਜਾਨ ਗੁਆਉਣ ਦਾ ਵਧੇਰੇ ਜੋਖਮ ਹੈ। ਪਿੰਡ ਵਾਲੇ ਆਪਣੇ ਟੈਸਟ ਕਰਵਾਉਣ 'ਚ ਵੀ ਆਨਾਕਾਨੀ ਕਰਦੇ ਹਨ। ਪੰਜਾਬ ਵਰਗੇ ਪ੍ਰਗਤੀਸ਼ੀਲ ਸੂਬੇ 'ਚ ਵੀ ਪਿੰਡਾਂ 'ਚ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਦਾਖਲ ਹੋਣ ਤੋਂ ਮਨ੍ਹਾ ਕੀਤਾ ਜਾਂਦਾ ਹੈ। ਅਜਿਹਾ ਤਰਕ ਦਿੱਤਾ ਜਾਂਦਾ ਹੈ ਕਿ ਤੰਦਰੁਸਤ ਲੋਕ, ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਜਾਂਦਾ ਹੈ, ਆਪਣੇ ਘਰ ਨੂੰ ਵਾਪਸ ਨਹੀਂ ਮੁੜਦੇ। ਸਰਕਾਰ ਵੱਲੋਂ ਜਾਗਰੂਕ ਮੁਹਿੰਮ ਲਾਂਚ ਹੋਣ ਦੇ ਬਾਵਜੂਦ ਅਜਿਹੇ ਵਿਚਾਰ ਲੋਕਾਂ ਦੇ ਮਨਾਂ 'ਚ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਭੱਵਿਖ 'ਚ ਨਵੇਂ ਇਨਫੈਕਸ਼ਨ ਦੀ ਗਿਣਤੀ ਦੇ ਘਟਣ ਦਾ ਕੋਈ ਸੰਕੇਤ ਨਹੀਂ। ਇਸ ਮਹਾਮਾਰੀ ਨਾਲ ਪਹਿਲਾਂ ਹੀ ਬਹੁਤ ਸਾਰੇ ਲੋਕ ਪੀੜਤ ਅਤੇ ਪ੍ਰਭਾਵਿਤ ਹਨ। ਲੋਕਾਂ ਨੇ ਬਹੁਤ ਨੁਕਸਾਨ ਝੱਲਿਆ ਹੈ। ਸਭ ਤੋਂ ਵੱਧ ਪ੍ਰਭਾਵਿਤ ਗੈਰ-ਸੰਗਠਿਤ ਮਜ਼ਦੂਰ ਹਨ। ਲੱਖਾਂ ਦੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਜੋ ਆਪਣੇ ਘਰਾਂ ਵੱਲ ਪਰਤ ਚੁੱਕੇ ਹਨ, ਫਿਰ ਤੋਂ ਆਪਣੀਆਂ ਕੰਮ ਵਾਲੀਆਂ ਥਾਵਾਂ 'ਤੇ ਜਾਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਸੂਬੇ 'ਚ ਰੋਜ਼ਗਾਰ ਦੀ ਘਾਟ ਹੈ। ਮਗਨਰੇਗਾ ਨਾਲ ਸੰਬੰਧਤ ਅੰਕੜੇ ਦੱਸਦੇ ਹਨ ਕਿ ਰੋਜ਼ਾਨਾ ਮਜ਼ਦੂਰੀ 'ਤੇ ਨਿਰਭਰ ਲੋਕਾਂ ਦੀ ਗਿਣਤੀ 'ਚ ਬਹੁਤ ਵੱਡਾ ਵਾਧਾ ਹੋਇਆ ਹੈ। ਇਸ ਨੂੰ ਵੀ ਇੱਕ ਸਾਲ 'ਚ 100 ਦਿਨਾਂ ਤੱਕ ਸੀਮਤ ਕੀਤਾ ਗਿਆ ਹੈ। ਖਾਸ ਤੌਰ 'ਤੇ ਉਦਯੋਗ ਛੋਟੇ ਜਾਂ ਦਰਮਿਆਨੇ, ਜੋ ਵੱਧ ਪ੍ਰਭਾਵਿਤ ਹੋਏ ਹਨ, ਅਜੇ ਵੀ ਕੰਮ ਸ਼ੁਰੂ ਕਰਨ 'ਚ ਯੋਗ ਨਹੀਂ ਕਿਉਂਕਿ ਅਰਥਵਿਵਸਥਾ 'ਚ ਲਗਾਤਾਰ ਗਿਰਾਵਟ ਹੈ। ਅਰਥਵਿਵਸਥਾ ਪਹਿਲਾਂ ਹੀ ਢਲਾਣ ਉਤੇ ਹੈ ਜੋ ਲਾਕਡਾਊਨ ਤੋਂ ਪਹਿਲਾਂ ਤੋਂ ਚੱਲ ਰਹੀ ਹੈ। ਇਸ ਦਾ ਮੁੱਖ ਕਾਰਨ ਨੋਟਬੰਦੀ ਅਤੇ ਜੀ ਐਸ ਟੀ ਦਾ ਮਾੜਾ ਰੋਲ ਆਊਟ ਹੈ। ਉਹ ਖੇਤਰ ਜਿਨ੍ਹਾਂ 'ਚ ਸਭ ਵੱਧ ਮਜ਼ਦੂਰ ਲੱਗੇ ਹੋਏ ਹਨ, ਅਜੇ ਵੀ ਜੱਦੋ-ਜਹਿਦ ਕਰ ਰਹੇ ਹਨ, ਕਿਉਂਕਿ ਕੋਵਿਡ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਇਸ ਦੇ ਸੁਧਰਨ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ।



ਆਪਣੇ ਤੌਰ 'ਤੇ ਸਰਕਾਰ ਬਾਰੇ ਜਾਪਦਾ ਹੈ ਕਿ ਉਸ ਨੇ ਆਪਣੇ ਹੱਥ ਸਖ਼ਤ ਪਾਬੰਦੀਆਂ ਲਾਗੂ ਕਰਨ ਤੋਂ ਧੋ ਲਏ ਹਨ। ਵਾਇਰਸ ਫੈਲਣ ਤੋਂ ਰੋਕਣ 'ਚ ਸਰਕਾਰ ਅਸਫਲ ਹੋਈ ਹੈ। ਸ਼ੁਰੂ ਦੇ ਦਿਨਾਂ 'ਚ ਇਸ ਨੇ ਸਖ਼ਤੀ ਨਾਲ ਪਾਲਣਾ ਕੀਤੀ ਅਤੇ ਸਖ਼ਤ ਲਾਕਡਾਊਨ ਨੂੰ ਪੂਰੇ ਦੇਸ਼ ਵਿੱਚ ਲਾਗੂ ਕੀਤਾ ਅਤੇ ਉਸ ਸਮੇਂ ਪਾਜ਼ੇਟਿਵ ਕੇਸਾਂ ਦੀ ਗਿਣਤੀ ਸਿਰਫ਼ 500 ਸੀ। ਅੱਜ ਕੁਲ ਅੰਕੜੇ 47 ਲੱਖ ਨੂੰ ਟੱਪ ਚੁੱਕੇ ਹਨ। ਅਰਥ ਵਿਵਸਥਾ ਨੂੰ ਸੁਰਜੀਤ ਕਰਨ ਦੇ ਯਤਨ 'ਚ ਸਰਕਾਰ ਲਗਾਤਾਰ ਹੀ ਪਾਬੰਦੀਆਂ ਚੁੱਕ ਰਹੀ ਹੈ। ਸਰਕਾਰ ਅਜਿਹਾ ਨਹੀਂ ਕਰ ਸਕਦੀ ਕਿ ਮਹਾਮਾਰੀ ਆਪਣੇ ਆਪ ਵਿੱਚ ਆਪਣਾ ਫੈਸਲਾ ਲਵੇ। ਇਥੇ ਅਜਿਹਾ ਕੋਈ ਸ਼ੱਕ ਨਹੀਂ ਕਿ ਅਰਥਵਿਵਸਥਾ ਨੂੰ ਸੁਰਜੀਤ ਕਰਨ ਦੀ ਲੋੜ ਹੈ ਅਤੇ ਇਸ ਦਾ ਸੰਤੁਲਨ ਰੱਖਣਾ ਵੀ ਜ਼ਰੂਰੀ ਹੈ। ਸਰਕਾਰ ਨੂੰ ਅਜਿਹਾ ਨਿਯਮ ਲਾਗੂ ਕਰਨਾ ਚਾਹੀਦਾ ਹੈ ਜਿਸ ਬਾਰੇ ਉਹ ਸੋਚਦੀ ਹੈ ਕਿ ਵਾਇਰਸ ਦੇ ਫੈਲਾਅ 'ਤੇ ਕੰਟਰੋਲ ਕਰਨ ਲਈ ਜ਼ਰੂਰੀ ਹੈ। ਇਸ ਨਾਲ ਅਰਥਵਿਵਸਥਾ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ।


ਇਸ 'ਚ ਕੋਈ ਸ਼ੱਕ ਨਹੀਂ ਕਿ ਨਾਗਰਿਕ ਆਪਣੇ ਭਰਾਵਾਂ ਵੱਲ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ। ਮਾੜੀ ਕਿਸਮਤ ਨਾਲ ਭਾਰਤ 'ਚ ਅਜਿਹੀ ਗੱਲ ਨਹੀਂ ਹੈ। ਦੇਸ਼ 'ਚ ਅਜਿਹੀਆਂ ਬਹੁਤ ਸਾਰੀਆਂ ਮਿਸਲਾਂ ਹਨ ਕਿ ਲੋਕ ਸਮਾਜਿਕ ਸਮਾਰੋਹਾਂ ਅਤੇ ਪਾਰਟੀਆਂ ਆਯੋਜਿਤ ਕਰਨ ਲੱਗੇ ਹੋਏ ਹਨ। ਇਸ ਲਈ ਸਿਹਤ ਮਾਹਿਰਾਂ ਵੱਲੋਂ ਹੁਕਮ ਅਤੇ ਸਲਾਹਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਡੀ ਆਬਾਦੀ ਦੇ ਇੱਕ ਬਹੁਤ ਵੱਡੇ ਹਿੱਸੇ ਨੇ ਗੈਰ-ਜ਼ਿੰਮੇਵਾਰਾਨਾ ਵਤੀਰਾ ਅਪਣਾ ਰੱਖਿਆ ਹੈ। ਉਹ ਨਾ ਮਾਸਕ ਪਹਿਨਣ ਲਈ ਤਿਆਰ ਹਨ ਅਤੇ ਨਾ ਸਮਾਜਿਕ ਦੂਰੀ ਰੱਖੀ ਜਾਂਦੀ ਹੈ। ਕਾਨੂੰਨ ਲਾਗੂ ਕਰਨ ਦੀਆਂ ਏਜੰਸੀਆਂ ਕੋਲ ਅਜਿਹੇ ਅਧਿਕਾਰ ਹੋਣੇ ਚਾਹੀਦੇ ਹਨ ਕਿ ਉਹ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਸਖ਼ਤ ਜੁਰਮਾਨਾ ਕਰਨ। ਇਸੇ ਤਰ੍ਹਾਂ ਇਨ੍ਹਾਂ ਏਜੰਸੀਆਂ ਨੂੰ ਸਮਾਜਿਕ ਦੂਰੀ ਨੂੰ ਯਕੀਨੀ ਬਣਾਉਣ ਲਈ ਵੀ ਕੰਮ ਕਰਨਾ ਚਾਹੀਦਾ ਹੈ। ਅਜਿਹੇ ਕਦਮ ਅਰਥ ਵਿਵਸਥਾ ਨੂੰ ਪ੍ਰਭਾਵਿਤ ਨਹੀਂ ਕਰਦੇ।

ਦੂਜੇ ਪਾਸੇ ਸਰਕਾਰ ਸਮਾਜ 'ਚ ਪ੍ਰਭਾਵਿਤ ਲੋਕਾਂ ਦੀ ਪਛਾਣ ਕਰੇ। ਅਜਿਹੇ ਲੋਕਾਂ ਦੀ ਪਛਾਣ ਹੋਵੇ ਜੋ 65 ਸਾਲ ਦੀ ਉਮਰ ਤੋਂ ਉਪਰ ਹਨ ਅਤੇ ਹੋਰ ਬੀਮਾਰੀਆਂ ਜਿਵੇਂ ਸ਼ੂਗਰ ਅਤੇ ਦਿਲ ਦੀਆਂ ਬੀਮਾਰੀਆਂ ਦੇ ਮਰੀਜ਼ ਹੋਣ। ਅਜਿਹੇ ਲੋਕਾਂ ਨੂੰ ਸਖ਼ਤੀ ਨਾਲ ਕਿਹਾ ਜਾਵੇ ਕਿ ਘਰਾਂ ਦੇ ਅੰਦਰ ਰਹਿਣ ਅਤੇ ਜੇ ਉਹ ਬਾਹਰ ਆ ਕੇ ਨਿਯਮ ਤੋੜਦੇ ਹਨ ਤਾਂ ਉਨ੍ਹਾਂ ਉਤੇ ਸਖ਼ਤ ਜੁਰਮਾਨੇ ਲਾਏ ਜਾਣ। ਇਸ ਦੇ ਬਦਲੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਜੁਰਮਾਨਾ ਭਰਨਾ ਹੋਵੇਗਾ। ਸਰਕਾਰ ਸਮਾਜਿਕ ਅਤੇ ਸਵੈ-ਸੇਵੀ ਸੰਗਠਨਾਂ ਦੀ ਇਸ ਵਿੱਚ ਮਦਦ ਲੈ ਸਕਦੀ ਹੈ ਜੋ ਨਿਯਮਾਂ ਦੀ ਪਾਲਣਾ ਕਰਵਾਉਣ। ਇੱਥੋਂ ਤੱਕ ਕਿ ਅਜਿਹੇ ਲੋਕਾਂ ਦੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਸਮਝਾਇਆ ਜਾਵੇ ਕਿ ਉਹ ਮਰੀਜ਼ਾਂ ਨੂੰ ਬਾਹਰ ਘੁੰਮਣ ਨਾ ਜਾਣ ਦੇਣ। ਆਖਿਰ ਇਹ ਦੇਸ਼ ਦੇ ਸਭ ਤੋਂ ਵੱਡੇ ਹਮਲੇ ਤੋਂ ਪਾਰ ਪਾਉਣ ਲਈ ਇੱਕ ਸਾਂਝੀ ਲੜਾਈ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਦੰਗਿਆਂ ਦੇ ਦੋਸ਼ ਵਿੱਚ ਯੇਚੁਰੀ, ਯੋਗੇਂਦਰ ਤੇ ਅਪੂਰਵਾਨੰਦ ਦੋਸ਼ੀਆਂ ਵਜੋਂ ਨਾਮਜ਼ਦ



ਨਵੀਂ ਦਿੱਲੀ, 13 ਸਤੰਬਰ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਸੀ ਪੀ ਆਈ (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸਵਰਾਜ ਅਭਿਆਨ ਦੇ ਆਗੂ ਯੋਗੇਂਦਰ ਯਾਦਵ, ਅਰਥ ਸ਼ਾਸਤਰੀ ਜਯਤੀ ਘੋਸ਼ ਅਤੇ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਪੂਰਵਾ ਨੰਦ ਅਤੇ ਦਸਤਾਵੇਜ਼ੀ ਫਿਲਮ ਨਿਰਮਾਤਾ ਰਾਹੁਲ ਰੌਏ ਨੂੰ ਬੀਤੇ ਫਰਵਰੀ ਵਿੱਚ ਹੋਏ ਦਿੱਲੀ ਦੰਗਿਆਂ ਦੇ ਕੇਸਦੇ ਸਾਜ਼ਿਸ਼ ਘਾੜਿਆਂ ਵਜੋਂ ਨਾਮਜ਼ਦ ਕਰ ਦਿੱਤਾ ਹੈ। ਉਨ੍ਹਾਂ ’ਤੇ ਨਾਗਰਕਿਤਾ ਸੋਧ ਕਾਨੂੰਨ (ਸੀ ਏ ਏ) ਦਾ ਵਿਰੋਧ ਕਰ ਰਹੇ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਨੂੰ ‘ਕਿਸੇ ਵੀ ਹੱਦ ਤੱਕ ਜਾਣ ਲਈ’ ਉਕਸਾਉਣ ਅਤੇ ਸੀ ਏ ਏ/ ਐਨ ਆਰ ਸੀ ਨੂੰ ਮੁਸਲਿਮ ਵਿਰੋਧੀ ਦੱਸ ਕੇ ਇਸ ਭਾਈਚਾਰੇ ’ਚ ਬੇਚੈਨੀ ਫੈਲਾਉਣ ਤੇ ਭਾਰਤ ਸਰਕਾਰ ਦਾ ਅਕਸ ਖਰਾਬ ਕਰਨ ਲਈ ਰੋਸ ਮੁਜ਼ਾਹਰੇ ਵਿਉਂਤਣ ਦੇ ਦੋਸ਼ ਲਾਏ ਗਏ ਹਨ।

ਉਤਰ-ਪੂਰਬੀ ਦਿੱਲੀ ਵਿੱਚ 23 ਤੋਂ 26 ਫਰਵਰੀ ਦੌਰਾਨ ਹੋਈ ਹਿੰਸਾ ਦੇ ਕੇਸ ਵਿੱਚ ਸਪਲੀਮੈਂਟਰੀ ਚਾਰਜਸ਼ੀਟਵਿੱਚ ਇਨ੍ਹਾਂ ਦੇ ਨਾਂਅ ਸ਼ਾਮਲ ਹਨ। ਇਸ ਹਿੰਸਾ ਦੌਰਾਨ 53 ਲੋਕਾਂ ਦੀ ਮੌਤ ਹੋਈ ਤੇ 581 ਲੋਕ ਜ਼ਖਮੀ ਹੋਏ ਸਨ, ਜਿਨ੍ਹਾਂ ਵਿੱਚੋਂ 97 ਦੇ ਸਰੀਰ ’ਤੇ ਗੋਲੀਆਂ ਦੇ ਜ਼ਖਮ ਸਨ। ਇਨ੍ਹਾਂ ਤਿੰਨੇ ਉਘੀਆਂ ਸ਼ਖਸੀਅਤਾਂ ਨੂੰ ਤਿੰਨ ਵਿਦਿਆਰਥਣਾਂ ਦੇ ਕਬੂਲਨਾਮੇ ਦੇ ਆਧਾਰ ਉੱਤੇ ਜਾਫ਼ਰਾਬਾਦ ਹਿੰਸਾ ਦੇ ਦੋਸ਼ੀ ਬਣਾਇਆ ਗਿਆ ਹੈ। ਇਹ ਹਿੰਸਾ ਜਾਫ਼ਰਾਬਾਦ ਤੋਂ ਸ਼ੁਰੂ ਹੋ ਕੇ ਉਤਰ-ਪੂਰਬੀ ਦਿੱਲੀ ਦੇ ਕਈ ਹਿੱਸਿਆਂ ਵਿੱਚ ਫੈਲ ਗਈ ਸੀ। ਇਹ ਵਿਦਿਆਰਥਣਾਂ ‘ਪਿੰਜਰਾ ਤੋੜ’ ਗਰੁੱਪ ਦੀਆਂ ਮੈਂਬਰ ਸਨ ਤੇਇਨ੍ਹਾਂ ਵਿੱਚ ਜਵਾਹਰ ਲਾਲ ਨਹਿਰੂ ਦੀਆਂ ਵਿਦਿਆਰਥਣਾਂ ਦੇਵਾਂਗਨਾ ਕਲਿਤਾ ਅਤੇ ਨਤਾਸ਼ਾ ਨਰਵਾਲ ਤੇ ਜਾਮੀਆ ਮਿਲੀਆ ਇਸਲਾਮੀਆ ਦੀ ਵਿਦਿਆਰਥਣ ਗੁਲਫਿਸ਼ਾ ਫਾਤਿਮਾ ਸ਼ਾਮਲ ਹਨ। ਇਨ੍ਹਾਂ ਵਿਦਿਆਰਥਣਾਂ ਖਿਲਾਫ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਦੀਆਂ ਵੱਖ-ਵੱਖ ਧਾਰਾਵਾਂ ਦੇ ਕੇਸ ਦਰਜ ਹਨ।

ਪਾਰਲੀਮੈਂਟ ਦਾ ਮੌਨਸੂਨ ਸੈਸ਼ਨ ਸ਼ੁਰੂ ਹੋਣ ਤੋਂ ਸਿਰਫ ਦੋ ਦਿਨ ਪਹਿਲਾਂ ਜਨਤਕ ਕੀਤੇ ਗਏ ਦੋਸ਼ ਪੱਤਰ ਵਿੱਚ ਦਿੱਲੀ ਪੁਲਸ ਨੇ ਦਾਅਵਾ ਕੀਤਾ ਹੈ ਕਿ ਕਲਿਤਾ ਅਤੇ ਨਰਵਾਲ ਨੇ ਦੰਗਿਆਂ ਵਿੱਚ ਆਪਣੀ ਸ਼ਮੂਲੀਅਤ ਮੰਨੀ ਅਤੇ ਘੋਸ਼, ਅਪਰੂਵਾਨੰਦ ਅਤੇ ਰੌਏ ਦਾ ਨਾਂਅ ਆਪਣੇ ਮਾਰਗ ਦਰਸ਼ਕ ਵਜੋਂਦੱਸਿਆ ਹੈ। ਵਿਦਿਆਰਥਣਾਂ ਦਾ ਦਾਅਵਾ ਹੈ ਕਿ ਇਨ੍ਹਾਂ ਮਾਰਗ ਦਰਸ਼ਕਾਂ ਨੇ ਨਾਗਰਿਕਤਾ ਸੋਧ ਐਕਟ (ਸੀ ਏ ਏ) ਦੇ ਖਿਲਾਫ ਪ੍ਰਦਰਸ਼ਨ ਕਰਨ ਅਤੇ ‘ਕਿਸੇ ਵੀ ਹੱਦ ਤੱਕ ਜਾਣ’ ਲਈ ਕਿਹਾ ਸੀ। ਇਸ ਦੋਸ਼ ਪੱਤਰ ਮੁਤਾ-ਬਕ ਵਿਦਿਆਰਥਣ ਕਾਰਕੁਨਾਂ ਨੇ ਪੁਲਸ ਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਤਿੰਨਾਂ ਨੇ ਇਸਲਾਮਿਕ ਜਥੇਬੰਦੀ ਪਾਪੂਲਰ ਫਰੰਟ ਆਫ ਇੰਡੀਆ (ਪੀ ਐਫ ਆਈ) ਅਤੇ ਜਾਮੀਆ ਕੁਆਰਡੀਨੇਸ਼ਨ ਕਮੇਟੀ ਨਾਲ ਮਿਲ ਕੇ ‘ਪਿੰਜਰਾ ਤੋੜ’ ਦੇ ਮੈਂਬਰਾਂ ਨੂੰ ਦੱਸਿਆ ਕਿ ਸੀ ਏ ਏ ਖਿਲਾਫ ਮੁਹਿੰਮ ਨੂੰ ਕਿਸੇ ਤਰ੍ਹਾਂ ਅੱਗੇ ਲਿਜਾਣਾ ਹੈ। ਇਨ੍ਹਾਂ ਘਟਨਾਕ੍ਰਮਾਂ ਦੀ ਪੁਸ਼ਟੀ ਪੁਲਸ ਨੇ ਜਾਮੀਆ ਮਿਲੀਆ ਦੀ ਵਿਦਿਆਰਥਣ ਫਾਤਿਮਾ ਦੇ ਬਿਆਨਾਂ ਨਾਲ ਕੀਤੀ ਹੈ।

ਦੋਸ਼ ਪੱਤਰ ਵਿੱਚ ਸੀਤਾਰਾਮ ਯੇਚੁਰੀ ਅਤੇ ਯੋਗੇਂਦਰ ਯਾਦਵ ਤੋਂ ਬਿਨਾ ਫਾਤਿਮਾ ਦੇ ਬਿਆਨ ਵਿੱਚ ਭੀਮ ਆਰਮੀ ਦੇ ਮੁਖੀ ਚੰਦਰ ਸ਼ੇਖਰ, ਯੂਨਾਈਟਿਡ ਅਗੇਂਸਟ ਹੇਟ ਦੇ ਕਾਰਕੁਨ ਉਮਰ ਖਾਲਿਦ ਅਤੇ ਸਾਬਕਾ ਵਿਧਾਇਕ ਅਮਾਨਤਉਲ੍ਹਾ ਖਾਨ ਵਰਗੇ ਕੁਝ ਮੁਸਲਿਮ ਭਾਈਚਾਰੇ ਦੇ ਆਗੂਆਂ ਦੇ ਨਾਂਅ ਵੀ ਹਨ। ਇਸ ਵਿੱਚ ਉਨ੍ਹਾਂ ਨੂੰ ਹਿੰਸਾ ਦੇ ਸਾਜ਼ਿਸ਼ ਘਾੜਿਆਂ ਦਾ ਮਦਦਗਾਰ ਦੱਸਿਆ ਗਿਆ ਹੈ।ਪੁਲਸ ਦਾ ਦਾਅਵਾ ਹੈ ਕਿ ਫਾਤਿਮਾ ਨੇ ਇਹ ਬਿਆਨ ਦਿੱਤਾ ਹੈ ਕਿ ਉਸ ਨੂੰ ‘ਭਾਰਤ ਸਰਕਾਰ ਦਾ ਅਕਸ ਖਰਾਬ ਕਰਨ ਲਈ’ ਪ੍ਰਦਰਸ਼ਨ ਕਰਨ ਨੂੰ ਕਿਹਾ ਗਿਆ ਸੀ। ਦੋਸ਼ ਪੱਤਰ ਮੁਤਾਬਕ ਉਸ ਨੇ ਕਿਹਾ ਕਿ ‘ਵੱਡੇ ਆਗੂਆਂ ਅਤੇ ਵਕੀਲਾਂ, ਜਿਨ੍ਹਾਂ ਵਿੱਚ ਉਮਰ ਖਾਲਿਦ, ਚੰਦਰ ਸ਼ੇਖਰ ਰਾਵਣ, ਯੋਗੇਂਦਰ ਯਾਦਵ, ਸੀਤਾਰਾਮ ਯੇਚੁਰੀ ਅਤੇ ਵਕੀਲ ਮਹਿਮੂਦ ਪ੍ਰਾਚਾ ਸ਼ਾਮਲ ਸਨ, ਨੇ ਭੀੜ ਨੂੰ ਭੜਕਾਇਆ ਅਤੇ ਜਥੇਬੰਦ ਕੀਤਾ ਸੀ। ਚਾਰਜਸ਼ੀਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕਲਿਤਾ ਨੇ ਇਹ ਵੀ ਕਿਹਾ ਹੈ ਕਿ ਉਮਰ ਖਾਲਿਦ ਨੇ ਸੀ ਏ ਏ/ ਐਨ ਆਰ ਸੀ ਖਿਲਾਫ ਪ੍ਰਦਰਸ਼ਨਾਂ ਲਈ ਉਨ੍ਹਾਂ ਨੂੰ ਕੁਝ ਨੁਕਤੇ ਵੀ ਦੱਸੇ ਸਨ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਇੱਕ ਟਵੀਟ ਕੀਤਾ ਹੈ ਕਿ ਚਾਰਜਸ਼ੀਟ ਦਿੱਲੀ ਦੰਗਿਆਂ ਦੌਰਾਨ ਦਿੱਲੀ ਪੁਲਸ ਦੀ ਮੰਦਭਾਵਨਾ ਵਾਲੇ ਸੁਭਾਅ ਨੂੰ ਸਾਬਤ ਕਰਦੀ ਹੈ। ਸੀਤਾਰਾਮ ਯੇਚੁਰੀ, ਯੋਗੇਂਦਰ ਯਾਦਵ, ਜਯਤੀ ਘੋਸ਼ ਤੇ ਪ੍ਰੋਫੈਸਰ ਅਪੂਰਵਾ ਨੰਦ ’ਤੇ ਦੰਗੇ ਭੜਕਾਉਣ ਦੇ ਦੋਸ਼ ਲਾਉਣਾ ਮਜ਼ਾਕ ਤੋਂਬਿਨਾਂ ਕੁਝ ਨਹੀਂ ਹੈ। ਉਨ੍ਹਾਂ ਦੇ ਭਾਸ਼ਣ ਦੀਆਂ ਵੀਡੀਓ ਮੌਜੂਦ ਹਨ, ਜਦੋਂ ਕਿ ਕਪਿਲ ਮਿਸ਼ਰਾ ਅਤੇ ਉਸ ਦੇ ਸਹਿਯੋਗੀਆਂ ਨੂੰ ਛੱਡ ਦਿੱਤਾ ਗਿਆ ਹੈ।ਸੀਤਾਰਾਮ ਯੇਚੁਰੀ ਨੇ ਟਵਿੱਟਰ ’ਤੇ ਕਿਹਾ, ‘56 ਲੋਕ ਦਿੱਲੀ ਹਿੰਸਾ ਵਿੱਚ ਮਾਰੇ ਗਏ। ਨਫਰਤੀ ਤਕਰੀਰਾਂ ਵਾਲਾ ਵੀਡੀਓ ਮੌਜੂਦ ਹੈ, ਉਨ੍ਹਾਂ ਖਿਲਾਫ ਕਾਰਵਾਈ ਨਹੀਂ ਹੋਈ, ਕਿਉਂਕਿ ਸਰਕਾਰ ਦੇ ਹੁਕਮ ਹਨ ਕਿ ਵਿਰੋਧੀ ਧਿਰ ਨੂੰ ਲਪੇਟਿਆ ਜਾਵੇ। ਇਹੀ ਹੈ ਕਿ ਮੋਦੀ ਅਤੇ ਭਾਜਪਾ ਦਾ ਅਸਲ ਚਿਹਰਾ, ਚਰਿੱਤਰ, ਚਾਲ ਅਤੇ ਚਿੰਤਨ। ਇਸ ਦਾ ਵਿਰੋਧ ਤਾਂ ਹੋਵ-ੇਗਾ।’ ਦਿੱਲੀ ਪੁਲਸ, ਭਾਜਪਾ ਦੀ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰਾਲੇ ਅਧੀਨ ਕੰਮ ਕਰਦੀ ਹੈ।

ਯੋਗੇਂਦਰ ਯਾਦਵ ਨੇ ਕਿਹਾ ਕਿ ਇਹ ਤੱਥ ਗਲਤ ਹੈ ਅਤੇ ਆਸ ਹੈ ਕਿ ਪੁਲਸ ਇਸ ਨੂੰ ਵਾਪਸ ਲੈ ਲਵੇਗੀ। ਉਨ੍ਹਾਂ ਕਿਹਾ, ‘ਪਹਿਲੀ ਚਾਰਜਸ਼ੀਟ ਵਿੱਚ ਮੈਨੂੰ ਸਹਿ-ਸਾਜ਼ਿਸ਼ ਘਾੜਾ ਜਾਂ ਦੋਸ਼ੀਵਜੋਂ ਨਾਮਜ਼ਦ ਨਹੀਂ ਕੀਤਾ ਗਿਆ ਸੀ। ਪੁਲਸ ਦੇ ਅਪੁਸ਼ਟ ਬਿਆਨ ਵਿੱਚ ਇੱਕ ਦੋਸ਼ੀ ਦੇ ਬਿਆਨ ਦੇ ਆਧਾਰ ਉੱਤੇ ਮੇਰੇ ਅਤੇ ਯੇਚੁਰੀ ਬਾਰੇ ਜ਼ਿਕਰ ਕੀਤਾ ਗਿਆ ਹੈ, ਜੋ ਅਦਾਲਤ ਵਿੱਚ ਕਬੂਲ ਨਹੀਂ ਹੋਣਾ।’ਪ੍ਰੋਫੈਸਰ ਅਪੂਰਵਾ ਨੰਦ ਨੇ ਕਿਹਾ ਕਿ ਦਿੱਲੀ ਪੁਲਸ ਵੱਲੋਂ ਹਿਰਾਸਤ ਵਿੱਚ ਲਏ ਕੁਝ ਨੌਜਵਾਨਾਂ ਦੇ ਨਾਂਵਾਂ ’ਤੇ ਸਰਕਾਰ ਖਿਲਾਫ ਪ੍ਰਦਰਸ਼ਨ ਕਰਨ ਦੀ ਕਾਰਵਾਈ ਨੂੰ ਫੌਜਦਾਰੀ ਮਾਮਲਾ ਬਣਾਉਣ ਲਈ ਘੜੀਆਂ ਮਨਘੜਤ ਕਹਾਣੀਆਂ ਨੂੰ ਵੇਖ ਕੇ ਨਿਰਾਸ਼ਾ ਹੋਈ ਹੈ। ਦਿੱਲੀ ਵਿੱਚ ਹਿੰਸਾ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਸੀ, ਪਰ ਪੁਲਸ ਇਸ ਦੀ ਥਾਂ ਸੀ ਏ ਏ ਵਿਰੋਧੀ ਪ੍ਰਦਰਸ਼ਨਾਂ ਨੂੰ ਮਧੋਲਣ ਦੇ ਰਾਹ ਪਈ ਹੋਈ ਹੈ।

# ਦਿੱਲੀ ਵਿਧਾਨ ਸਭਾ ਦੀ ਕਮੇਟੀ ਨੇ ਫੇਸਬੁਕ ਦਾ ਅਧਿਕਾਰੀ ਤਲਬ ਕਰ ਲਿਆ

ਨਵੀਂ ਦਿੱਲੀ, 13 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਰਾਘਵ ਚੱਢਾ ਦੀ ਅਗਵਾਈ ਵਾਲੀ ਦਿੱਲੀ ਵਿਧਾਨ ਸਭਾ ਦੀ ਸ਼ਾਂਤੀ ਅਤੇ ਸਦਭਾਵਨਾ ਕਮੇਟੀ ਨੇ ਫੇਸਬੁੱਕ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅਤੇ ਉੱਪ ਪ੍ਰਧਾਨ ਅਜੀਤ ਮੋਹਨ ਨੂੰ 15 ਸਤੰਬਰ ਨੂੰ ਹੋਣ ਵਾਲੀ ਇਸ ਕਮੇਟੀ ਦੀ ਕਾਰਵਾਈ ਵਿੱਚ ਹਾਜ਼ਰ ਹੋਣ ਦਾ ਰਸਮੀ ਨੋਟਿਸ ਭੇਜਿਆ ਹੈ। ਇਸ ਦੌਰਾਨ ਕਮੇਟੀ ਵੱਲੋਂ ਉਸ ਨੂੰ ਮਿਲੀਆਂ ਕੁਝ ਹੋਰ ਸ਼ਿਕਾਇਤਾਂ ਦੀ ਘੋਖ ਵੀ ਕੀਤੀ ਜਾਵੇਗੀ।

ਰਾਘਵ ਚੱਢਾ ਦੀ ਅਗਵਾਈ ਵਾਲੀ ਸ਼ਾਂਤੀ ਅਤੇ ਸਦਭਾਵਨਾ ਕਮੇਟੀ ਨੂੰ ਫਰਵਰੀ 2020 ਵਿੱਚ ਉਤਰ-ਪੂਰਬੀ ਦਿੱਲੀ ਵਿੱਚ ਹੋਏ ਦੰਗਿਆਂ ਬਾਰੇ ਸ਼ਿਕਾਇਤਾਂ ਮਿਲੀਆਂ ਸਨ। ਕਮੇਟੀ ਅੱਗੇ ਪੇਸ਼ ਹੋਏ ਗਵਾਹਾਂ ਵੱਲੋਂ ਪੇਸ਼ ਸਬੂਤਾਂ ਅਨੁਸਾਰ ਸ਼ੁਰੂ ਦੀ ਜਾਂਚ ਤੋਂ ਅਪਰਾਧ ਨੂੰ ਵਧਾਉਣ ਵਾਲੀ ਸਮੱਗਰੀ ਦੇ ਆਧਾਰ ਉੱਤੇ ਦਿੱਲੀ ਦੰਗਿਆਂ ਵਿੱਚ ਫੇਸਬੁੱਕ ਦੀ ਮਿਲੀ ਭੁਗਤ ਪਾਈ ਗਈ ਹੈਅਤੇ ਕਮੇਟੀ ਅੱਗੇ ਗਵਾਹਾਂ ਨੇ ਤਿੱਖੇ ਬਿਆਨ ਵੀ ਦਿੱਤੇ ਹਨ। ਕਮੇਟੀ ਨੇ ਇਕ ਨਿਰਪੱਖ ਜਾਂਚ ਦੀ ਲੋੜ ਵੀ ਮਹਿਸੂਸ ਕੀਤੀ ਹੈ ਤਾਂ ਕਿ ਜਾਂਚ ਦੌਰਾਨ ਸਹਾਇਕ ਅਤੇ ਪ੍ਰਮਾਣਿਕ ਸਮੱਗਰੀ ਉੱਤੇ ਆਧਾਰਤ ਦਿੱਲੀ ਦੰਗਿਆਂ ਨਾਲ ਸਬੰਧਤ ਕੇਸ ਵਿੱਚ ਸਪਲੀਮੈਂਟਰੀ ਚਾਰਜਸ਼ੀ ਦਾਖਲ ਕੀਤੀ ਜਾ ਸਕੇ। ਕਮੇਟੀ ਨੇ ਪਿਛਲੀ ਕਾਰਵਾਈ ਵਿੱਚ ਕਈ ਮਾਹਰਾਂ ਅਤੇ ਨਿਰਪੱਖ ਗਵਾਹੀਆਂ ਦੀ ਜਾਂਚ ਵੀ ਕਰਵਾਈ ਸੀ।

ਇਸ ਕੇਸ ਦੇ ਗਵਾਹ ਅਵਧੇਸ਼ ਤਿਵਾੜੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਫੇਸਬੁੱਕ ਦੀ ਮਿਲੀ ਭੁਗਤ ਸਿਰਫ ਦਿੱਲੀ ਦੰਗਿਆਂ ਨੂੰ ਭੜਕਾਉਣੇ ਤੱਕ ਹੀ ਸੀਮਿਤ ਨਹੀਂ, ਇਹ ਬਹੁਤ ਲੰਬੇ ਸਮੇਂ ਤੋਂ ਘੱਟ ਗਿਣਤੀ ਭਾਈਚਾਰਿਆਂ ਖਿਲਾਫ ਲਗਾਤਾਰ ਨਫਰਤ ਫੈਲਾਅ ਰਹੀ ਹੈ। ਕੁਨਾਲ ਪੁਰੋਹਿਤ, ਜੋ ਫਰੀ-ਲਾਂਸ ਪੱਤਰਕਾਰ ਹੈ, ਨੇ ਇਸ਼ਾਰਾ ਕੀਤਾ ਕਿ ਸੱਤਾਧਾਰੀ ਪਾਰਟੀਅਤੇ ਫੇਸਬੁੱਕ ਵਿਚਕਾਰ ਵਪਾਰਕ ਲੈਣ-ਦੇਣ ਹੁੰਦਾ ਹੈ ਜਿਸ ਕਾਰਨ ਫੇਸਬੁੱਕ ਹਾਕਮ ਧਿਰ ਦੇ ਹੱਕ ਵਿੱਚ ਪਾਈ ਗਈ ਸਮੱਗਰੀ ’ਤੇ ਆਪਣੀਆਂ ਪਾਬੰਦੀਆਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਤੋਂ ਬਚ ਰਹੀ ਹੈ। ਗਵਾਹ ਨੇ ਇਹ ਵੀ ਕਿਹਾ ਕਿ ਮੌਜੂਦਾ ਸ਼ਾਸਕ ਪ੍ਰਣਾਲੀ ਫੇਸ ਬੁੱਕ ਪਲੇਟਫਾਰਮ ’ਤੇ ਇਸ਼ਤਿਹਾਰਾਂ ’ਤੇ ਸਭ ਤੋਂ ਵੱਧ ਪੈਸਾ ਖਰਚ ਕਰਦੀ ਹੈ।

# ਦਿੱਲੀ-ਅਹਿਮਦਾਬਾਦ ਬੁਲੇਟ ਟਰੇਨ ਦੀ ਤਿਆਰੀ, ਤਿੰਨਾਂ ਘੰਟਿਆਂ ’ਚ ਪਹੁੰਚ ਜਾਣਗੇ ਯਾਤਰੀ

*** ਅੰਮ੍ਰਿਤਸਰ-ਦਿੱਲੀ ਬੁਲੇਟ ਟਰੇਨ ਪ੍ਰੋਜੈਕਟ ’ਤੇ ਵੀ ਕੰਮ ਸ਼ੁਰੂ**



ਨਵੀਂ ਦਿੱਲੀ, 13 ਸਤੰਬਰ (ਪੋਸਟ ਬਿਊਰੋ)- ਦਿੱਲੀ ਤੋਂ ਅਹਿਮਦਾਬਾਦ ਦੀ ਦੂਰੀ 886 ਕਿਲੋਮੀਟਰ ਹੈ। ਸਰਕਾਰ ਇਸ ਰੂਟ ’ਤੇ ਬੁਲੇਟ ਟਰੇਨ ਚਲਾਉਣ ਦੀ ਤਿਆਰੀ ਵੀ ਕਰਦੀ ਪਈ ਹੈ। ਮੁੰਬਈ-ਅਹਿ-ਮਦਾਬਾਦ ਤੋਂ ਬਾਅਦ ਇਹ ਭਾਰਤ ਦਾ ਬੁਲੇਟ ਟਰੇਨ ਨਾਲ ਜੁੜਿਆ ਦੂਸਰਾ ਪ੍ਰੋਜੈਕਟ ਹੋਵੇਗਾ, ਜੋ ਅੱਗੋਂ ਪਹਿਲੇ ਰੂਟ ਨਾਲ ਜੋੜੇਗਾ।

ਵਰਨਣ ਯੋਗ ਹੈ ਕਿ ਮੁੰਬਈ ਅਤੇ ਅਹਿਮਦਾਬਾਦ ਵਿਚਾਲੇ ਬੁਲੇਟ ਟਰੇਨ ਪ੍ਰੋਜੈਕਟ ਦਾ ਪਹਿਲਾਂ ਤੋਂਕੰਮ ਚੱਲ ਰਿਹਾ ਹੈ। ਨੈਸ਼ਨਲ ਹਾਈ ਸਪੀਡ ਰੇਲ ਕਾਰਪੋਰੇਸ਼ਨ (ਐਨ ਐਚ ਐਸ ਆਰ ਸੀ ਐਲ) ਨੇ ਦੂਸਰੇ ਬੁਲੇਟ ਟਰੇਨ ਪ੍ਰੋਜੈਕਟ ਲਈ ਟੈਂਡਰ ਮੰਗ ਲਏ ਹਨ। ਇਸ ਪ੍ਰਾਜੈਕਟ ਵਿੱਚ ਸੱਤ ਨਵੇਂ ਐਚ ਐਸ ਆਰ (ਹਾਈ ਸਪੀਡ ਰੇਲ) ਕਾਰੀਡੋਰਜ਼ ਲਈ ਸਰਵੇ ਕੀਤਾਜਾਣਾ ਹੈ। ਇਹ ਹਾਈਸਪੀਡ ਰੇਲ ਕਾਰੀਡੋਰ ਦੇਸ਼ ਦੇ ਕਈ ਸ਼ਹਿਰੀ ਸੈਰ-ਸਪਾਟਾ ਅਤੇ ਆਰਥਿਕ ਕੇਂਦਰਾਂ ਦਿੱਲੀ, ਅੰਮ੍ਰਿਤਸਰ, ਬੰਗਲੌਰ, ਵਾਰਾਣਸੀ, ਲਖਨਊ, ਅਹਿਮਦਾਬਾਦ, ਮੁੰਬਈ, ਨਾਸਿਕ, ਨਾਗਪੁਰ, ਚੇਨਈ, ਮੈਸੂਰ, ਹੈਦਰਾਬਾਦ, ਪੁਣੇ, ਕੋਲਕਾਤਾ, ਉਦੈਪੁਰ, ਆਗਰਾ ਤੇ ਜੈਪੁਰ ਦੇ ਨਾਲ ਧਾਰਮਿਕ ਅਸਥਾਨਾਂ ਜਿਵੇਂ ਸ਼ਿਰਡੀ, ਅਜਮੇਰ, ਮਥੁਰਾ, ਬੋਧਗਯਾ ਤੇ ਪ੍ਰਯਾਗਰਾਜ ਨੂੰ ਹਾਈ ਸਪੀਡ ਰੇਲ ਸੇਵਾ ਜੋੜ ਦੇਵਗਾ। ਇਨ੍ਹਾਂ ਕਾਰੀਡੋਰਾਂ ਦੀ ਸਕੀਮ ਵਿੱਚ ਦਿੱਲੀ-ਜੈਪੁਰ-ਉਦੈਪੁਰ-ਅਹਿਮਦਾਬਾਦ 886 ਕਿਲੋਮੀਟਰ, ਮੁੰਬਈ-ਨਾਸਿਕ-ਨਾਗਪੁਰ 753 ਕਿਲੋਮੀਟਰ, ਦਿੱਲੀ-ਮੁੰਬਈ-ਵਾਰਾਣਸੀ 865 ਕਿਲੋਮੀਟਰ, ਦਿੱਲੀ-ਅੰਮ੍ਰਿਤਸਰ 459 ਕਿਲੋਮੀਟਰ, ਵਾਰਾਣਸੀ-ਹਾਵੜਾ 760 ਕਿਲੋਮੀਟਰ ਅਤੇ ਮੁੰਬਈ-ਹੈਦਰਾਬਾਦ 711 ਕਿਲੋਮੀਟਰ ਸ਼ਾਮਲ ਕੀਤੇ ਜਾਣ ਬਾਰੇ ਦੱਸਿਆ ਗਿਆ ਹੈ।

ਨਾਬਾਲਗ ਕੁੜੀ ਨੇ ਕਿਹਾ:

# ਮੈਂ ਅਜੇ ਪੜ੍ਹਨੈ,ਮੈਨੂੰ ਵਿਆਹ ਦੇ ਬੰਧਨ ਤੋਂਬਚਾ ਲਓ

ਭੋਪਾਲ, 13 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਬਾਲ ਵਿਆਹ ਰੋਕਣ ਦੇ ਸਖਤ ਕਾਨੂੰਨ ਦੇ ਬਾਵਜੂਦ ਚੋਰੀ-ਛਿਪੇ ਛੋਟੀਆਂ ਬੱਚੀਆਂ ਦੇ ਵਿਆਹ ਦੇ ਮਾਮਲੇ ਲਗਾਤਾਰ ਬਾਹਰ ਆ ਰਹੇ ਹਨ। ਬਾਲ ਵਿਆਹ ਦੀ ਇਸ ਮਾੜੀ ਪ੍ਰਥਾ ਦੀ ਸ਼ਿਕਾਰ 17 ਸਾਲਾਂ ਦੀ ਇੱਕ ਨਾਬਾਲਗ ਲੜਕੀ ਨੇ ਇਸ ਦੇ ਖਿਲਾਫ ਖੁਦ ਆਵਾਜ਼ ਉਠਾਈ ਅਤੇ ਚਾਈਲਡ ਲਾਈਨ ਅੱਗੇ ਅਪੀਲ ਕੀਤੀ ਕਿ ਮੈਂ ਪੜ੍ਹ-ਲਿਖ ਕੇ ਅੱਗੇ ਵਧਣਾ ਹੈ, ਇਸ ਲਈ ਮੇਰਾ ਵਿਆਹ ਰੱਦ ਕਰਵ-ਾਇਆ ਜਾਏ। ਚਾਈਲਡ ਲਾਈਨ ਨੇ ਇਸ ਦੀ ਅਰਜ਼ੀ ਮਹਿਲਾ ਬਾਲ ਵਿਕਾਸ ਵਿਭਾਗ ਦੇ ਜ਼ਿਲਾ ਬਾਲ ਵਿਆਹ ਰੋਕੂ ਅਧਿਕਾਰੀ ਅਤੇ ਬਾਲ ਭਲਾਈ ਕਮੇਟੀ ਨੂੰ ਭੇਜ ਦਿੱਤੀ ਹੈ, ਜਿਸ ਦੇ ਬਾਅਦ ਲੜਕੀ ਦੀ ਅਰਜ਼ੀ ’ਤੇ ਫੈਸਲਾ ਅਦਾਲਤ ਕਰੇਗੀ।

ਮਿਲੀ ਜਾਣਕਾਰੀ ਅਨੁਸਾਰ ਮੱਧ ਪ੍ਰਦੇਸ਼ ਦੇ ਉਮਰੀਆ ਦੀ ਇਸ ਨਾਬਾਲਗ ਕੁੜੀ ਦਾ ਵਿਆਹ ਮਤਰੇਏ ਬਾਪ ਨੇ ਦੋ ਸਾਲ ਪਹਿਲਾਂ 15 ਸਾਲ ਦੀ ਉਮਰ ਵਿੱਚ ਗੁਨਾ ਜ਼ਿਲੇ ਦੇ ਮੁਆਸਾ ਪਿੰਡ ਵਿੱਚ 35 ਸਾਲਾ ਵਿਅਕਤੀ ਨਾਲ ਕਰ ਦਿੱਤਾ ਸੀ। ਉਹ ਵਿਆਹ ਦੇ ਬਾਅਦ ਕੇਵਲ ਸੱਤ ਦਿਨ ਸਹੁਰੇ ਰਹੀ ਤੇ ਪੇਕੇ ਆ ਗਈ। ਜਦ ਵਾਪਸ ਨਾ ਗਈ ਤਾਂ ਸਹੁਰੇ ਪਰਵਾਰ ਨੇ ਉਸ ਨੂੰ ਭੇਜਣ ਲਈ ਘਰਵਾਲਿਆਂ ’ਤੇ ਦਬਾਅ ਬਣਾਇਆ। ਮਤਰੇਏ ਬਾਪ ਨੇ ਉਸ ਨੂੰ ਭੇਜਣਾ ਚਾਹਿਆ ਤਾਂ ਨਾਬਾਲਗ ਕੁੜੀ ਸਹੁਰੇ ਨਾ ਜਾਣ ਦੀ ਜ਼ਿੱਦ ’ਤੇ ਅੜ ਗਈ ਅਤੇ ਘਰ ਦੇ ਬਾਕੀ ਮੈਂਬਰਾਂ ਨੇ ਉਸ ਦਾ ਸਾਥ ਦਿੱਤਾ।ਕੁਝ ਦਿਨ ਬਾਅਦ ਉਹ ਮਾਂ ਅਤੇ ਭਰਾ ਨਾਲ ਭੋਪਾਲ ਆ ਗਈ। ਇਥੇ ਉਹ ਕੱਪੜੇ ਦੀ ਦੁਕਾਨ ’ਤੇ ਨੌਕਰੀ ਕਰ ਕੇ ਖੁਦ ਵੀ ਪੜ੍ਹਾਈ ਕਰ ਰਹੀ ਹੈ ਤੇ ਭਰਾ ਨੂੰ ਵੀ ਪੜ੍ਹਾ ਰਹੀ ਹੈ। ਮਾਂ ਵੀ ਲੋਕਾਂ ਦੇ ਘਰਾਂ ਵਿੱਚ ਖਾਣਾ ਬਣਾ ਕੇ ਘਰ ਚਲਾਉਣ ਵਿੱਚ ਮਦਦ ਕਰ ਰਹੀ ਹੈ। ਨਾਬਾਲਗ ਲੜਕੀ ਨੇ ਇਸ ਸਾਲ ਦਸਵੀਂ ਪਾਸ ਕੀਤੀ ਹੈ। ਉਸ ਦਾ ਇੱਕੋ ਟੀਚਾ ਹੈ ਕਿ ਖੁਦ ਵੀ ਪੜ੍ਹਨਾ ਹੈ ਤੇ ਭਰਾ ਨੂੰ ਵੀ ਪੜ੍ਹਾਉਣਾ ਹੈ। ਬਾਲ ਵਿਆਹ ਬਾਰੇ ਉਸ ਦਾ ਕਹਿਣਾ ਹੈ ਕਿ ਦੋ ਸਾਲ ਤੋਂ ਉਹ ਸ਼ਿਕਾਇਤ ਕਰਨ ਦੀ ਹਿੰਮਤ ਨਹੀਂ ਕਰ ਰਹੀ ਸੀ, ਪਰ ਭੋਪਾਲ ਆਣ ਕੇ ਉਹ ਇਸ ਬੰਧਨ ਤੋਂ ਆਜ਼ਾਦ ਹੋਣਾ ਚਾਹੁੰਦੀ ਹੈ।

# ਸੁਮੇਧ ਸੈਣੀ ਨੂੰ 25 ਤੱਕ ਅਦਾਲਤ ਵਿੱਚ ਹਾਜ਼ਰ ਕਰਨ ਦੇ ਹੁਕਮ

ਮੋਹਾਲੀ, 13 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਕੱਲ੍ਹ ਮੋਹਾਲੀ ਅਦਾਲਤ ਨੇ ਪੰਜਾਬ ਪੁਲਸ ਦੀ ਅਪੀਲ ਉਤੇ ਸੈਣੀ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਅਤੇ ਉਪ ਜ਼ਿਲਾ ਅਟਾਰਨੀ ਮਨਜੀਤ ਸਿੰਘ ਰਾਹੀਂ ਮੁਹਾਲੀ ਦੇ ਜੁਡੀਸ਼ਲ ਮੈਜਿਸਟਰੇਟ (ਫਸਟ ਕਲਾਸ) ਰਵਤੇਸ ਇੰਦਰਜੀਤ ਸਿੰਘ ਦੀ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਸਾਬਕਾ ਡੀ ਜੀ ਪੀ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਸੀ।

ਇਸ ਸੰਬੰਧ ਵਿੱਚ ਅਦਾਲਤ ਨੇ ਵੱਖ-ਵੱਖ ਪਹਿਲੂਆਂ ’ਤੇ ਵਿਚਾਰ ਕਰ ਕੇ ਸੁਮੇਧ ਸੈਣੀ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਅਤੇ ਮੋਹਾਲੀ ਜ਼ਿਲੇ ਦੇ ਮਟੌਰ ਥਾਣੇ ਦੇ ਐਸ ਐਚ ਓ ਨੂੰ ਹੁਕਮ ਦਿੱਤੇ ਕਿ 25 ਸਤੰਬਰ ਤੱਕ ਦੋਸ਼ੀ ਸੈਣੀ ਨੂੰ ਗ੍ਰਿਫਤਾਰ ਕਰ ਕੇ ਇਸ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਸੁਣਵਾਈ ਮੌਕੇ ਜਾਂਚ ਟੀਮ ਦੇ ਮੁਖੀ ਹਰਮਨਦੀਪ ਸਿੰਘ ਹਾਂਸ, ਡੀ ਐਸ ਪੀ ਬਿਕਰਮਜੀਤ ਸਿੰਘ ਬਰਾੜ ਅਤੇ ਮਟੌਰ ਥਾਣੇ ਦੇ ਕਾਰਜਕਾਰੀ ਐਸ ਐਚ ਓ ਜੈਦੀਪ ਜਾਖੜ ਮੌਜੂਦ ਸਨ। ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਬੀਤੀ ਛੇ ਮਈ ਨੂੰ ਸੁਮੇਧ ਸੈਣੀ ਦੇ ਖਿਲਾਫ ਮਟੌਰ ਥਾਣੇ ਵਿੱਚ ਅਪਰਾਧਕ ਕੇਸ ਦਰਜ ਕਰਨ ਪਿੱਛੋਂ ਪੁਲਸ ਨੇ ਉਸ ਦੀ ਭਾਲ ਸ਼ੁਰੂ ਕੀਤੀ ਸੀ, ਪਰ ਬਾਅਦ ਵਿੱਚ ਉਸ ਨੇ ਜ਼ਮਾਨਤ ਲੈ ਲਈ ਸੀ।

ਮੋਹਾਲੀ ਪੁਲਸ ਨੇ ਇਸ ਦੌਰਾਨ ਸੁਮੇਧ ਸੈਣੀ ਦੀ ਭਾਲ ਵਿੱਚ ਉਸ ਦੇ ਜੱਦੀ ਪਿੰਡ ਖੁੱਡਾ ਕੁਰਾਲਾ (ਹੁਸ਼ਿਆਰਪੁਰ) ਅਤੇ ਸੋਹਾਣਾ ਦੇ ਨਾਲ ਚੰਡੀਗੜ੍ਹ, ਦਿੱਲੀ, ਹਿਮਾਚਲ ਪ੍ਰਦੇਸ਼ ਦੇ ਮੰਡੀ ਅਤੇ ਜੰਮੂ-ਕਸ਼ਮੀਰ ਦੇ ਇਲਾਕਿਆਂ ਵਿੱਚ ਲਗਾਤਾਰ ਛਾਪੇ ਮਾਰੇ ਹਨ, ਪਰ ਅਜੇ ਤੱਕ ਉਹ ਪੁਲਸ ਦੇ ਹੱਥ ਨਹੀਂ ਲੱਗਾ ਅਤੇ ਨਾ ਆਤਮ ਸਮਰਪਣ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀ ਦੇ ਕਾਰੋਬਾਰੀ ਦੋਸਤ ਦੇ ਘਰ ਅਤੇ ਹੋਰ ਟਿਕਾਣਿਆਂ ’ਤੇ ਵੀ ਛਾਪੇ ਮਾਰੇ ਹਨ, ਪਰ ਉਸ ਬਾਰੇ ਕੋਈ ਸੁਰਾਗ ਨਹੀਂ ਮਿਲਿਆ। ਇਸ ਲਈ ਉਸ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਜਾਣ। ਇਸ ਪਿੱਛੋਂ ਅਦਾਲਤ ਨੇ ਸਾਬਕਾ ਪੁਲਸ ਮੁਖੀ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ।

**ਸਮਾਰਟ ਰਾਸ਼ਨ ਕਾਰਡ ਸਕੀਮ ਸ਼ੁਰੂ :**

# ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿਚ ਰਾਸ਼ਨ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਸਕੀਮ ਸ਼ੁਰੂ




ਚੰਡੀਗੜ੍ਹ, 13 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੇ 1.41 ਕਰੋੜ ਲੋਕਾਂ ਨੂੰ ਲਾਭ ਪਹੁੰਚਾਉਣ ਵਾਲੀ ਸਮਾਰਟ ਰਾਸ਼ਨ ਕਾਰਡ ਦੀ ਸ਼ੁਰੂਆਤ ਕੀਤੀ ਅਤੇ ਇਸ ਦੇ ਨਾਲ ਇੱਕ ਵੱਖਰੀ ਸਕੀਮ ਦਾ ਐਲਾਨ ਵੀ ਕੀਤਾ, ਜਿਸ ਵਿੱਚ ਕੌਮੀ ਖੁਰਾਕ ਸੁਰੱਖਿਆ ਐਕਟ (ਐਨ ਐਫ ਐਸ ਏ) ਹੇਠ ਕਵਰ ਨਾ ਹੋ ਸਕੇ 9 ਲੱਖ ਲਾਭ ਪਾਤਰੀਆਂ ਨੂੰ ਸਬਸਿਡੀ ’ਤੇ ਰਾਸ਼ਨ ਦਿੱਤਾ ਜਾਵੇਗਾ, ਜਿਸ ਦਾ ਫੰਡ ਸੂਬਾ ਸਰਕਾਰ ਦੇਵੇਗੀ।

ਇਸ ਮੌਕੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਇਸ ਨਾਲ ਪੰਜਾਬ ਦੇ ਲਾਭ ਪਾਤਰੀਆਂ ਦੀ ਗਿਣਤੀ 1.5 ਕਰੋੜ ਨੂੰ ਪਹੁੰਚ ਜਾਵੇਗੀ ਤੇ ਸਮਾਰਟ ਰਾਸ਼ਨ ਕਾਰਡ ਸਕੀਮ ਹੇਠ 37.5 ਲੱਖ ਕਾਰਡ ਯੋਗ ਲਾਭਪਾਤਰੀਆਂ ਨੂੰ ਇਸ ਮਹੀਨੇ ਵੰਡੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਲਾਭਪਾਤਰੀਆਂ ਦੀ ਗਿਣਤੀ ਦੀ ਹੱਦ 1.41 ਕਰੋੜ ਤੈਅ ਕਰ ਦਿੱਤੀ ਸੀ ਤੇ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਐਨ ਐਫ ਐਸ ਏ ਹੇਠ ਕਵਰ ਨਾ ਹੋਏ 9 ਲੱਖ ਯੋਗ ਲੋਕਾਂ ਨੂੰ ਸਬਸਿਡੀ ਉੱਤੇ ਰਾਸ਼ਨ ਦੇਣ ਦੀ ਸਹਿਮਤੀ ਨਹੀਂ ਦਿੱਤੀ। ਇਸ ਕਰ ਕੇ ਵਾਂਝੇ ਰਹਿ ਗਏ ਸਾਰੇ ਯੋਗ ਵਿਅਕਤੀਆਂ ਨੂੰ ਰਾਜ ਸਰਕਾਰ ਵੱਲੋਂ ਫੰਡ ਕੀਤੀ ਇੱਕ ਸਕੀਮ ਹੇਠ ਲਿਆਉਣ ਦਾ ਫੈਸਲਾ ਕੀਤਾ ਹੈ, ਜਿਸ ਦੇ ਵੇਰਵੇ ਛੇਤੀ ਹੀ ਦੱਸੇ ਜਾਣਗੇ।

ਪੰਜਾਬ ਵਿੱਚ 100 ਵੱਖੋ-ਵੱਖ ਥਾਵਾਂ ’ਤੇ ਵੀਡੀਓ ਕਾਨਫਰੰਸ ਨਾਲ ਸਮਾਰਟ ਰਾਸ਼ਨ ਕਾਰਡ ਸਕੀਮ ਸ਼ੁਰੂ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ ਅਤੇ ਲਾਭ ਪਾਤਰੀਆਂ ਨੂੰ ਕਿਸੇ ਵੀ ਡਿਪੂ ਤੋਂ ਰਾਸ਼ਨ ਦੀ ਖਰੀਦ ਕਰਨ ਦੀ ਖੁੱਲ੍ਹ ਹੋਵੇਗੀ। ਉਨ੍ਹਾਂ ਨੇ ਲਾਭ ਪਾਤਰੀਆਂ ਦੇ ਸ਼ਕਤੀਕਰਨ ਦੀ ਦਿਸ਼ਾ ’ਚ ਇਸ ਨੂੰ ਵੱਡੀ ਪੁਲਾਂਘ ਮੰਨ ਕੇ ਕਿਹਾ ਕਿ ਇਸ ਨਾਲ ਰਾਸ਼ਨ ਡੀਪੂ ਹੋਲਡਰਾਂ ਵੱਲੋਂ ਲੋਕਾਂ ਦਾ ਸ਼ੋਸ਼ਣ ਬੰਦ ਹੋਵੇਗਾ। ਸਮਾਰਟ ਰਾਸ਼ਨ ਕਾਰਡ ਹਰ ਲਾਭਪਾਤਰੀ ਨੂੰ ਅਧਿਕਾਰ ਦਿੰਦਾ ਹੈ ਕਿ ਆਪਣੇ ਹਿੱਸੇ ਦੀ ਖੁਰਾਕ ਪੰਜਾਬ ਵਿੱਚ ਕਿਸੇ ਵੀ ਰਾਸ਼ਨ ਡਿਪੂ ਤੋਂ ਲੈ ਸਕੇ।

ਮੁੱਖ ਮੰਤਰੀ ਨੇ ਕੇਂਦਰ ਸਰਕਾਰ ਦੇ ਖੇਤੀਬਾੜੀ ਆਰਡੀਨੈਂਸਾਂ ਨਾਲ ਪੰਜਾਬ ਦੇ ਕਿਸਾਨਾਂ ਦਾ ਹੌਸਲਾ ਤੋੜਨ ਲਈ ਭਾਜਪਾ ਲੀਡਰਸ਼ਿਪ ਬਾਰੇ ਕਿਹਾ ਕਿ ਕਿਸਾਨਾਂ ਨੇ ਸੂਬੇ ਅਤੇ ਦੇਸ਼ ਦਾ ਸਖਤ ਘਾਲਣਾ ਘਾਲ ਕੇ ਢਿੱਡ ਭਰਿਆ ਹੈ ਅਤੇ ਇਹ ਆਰਡੀਨੈਂਸ, ਜੋ ਘੱਟੋ ਘੱਟ ਸਮਰਥਨ ਮੁੱਲ ਦੇ ਖਾਤਮੇ ਦਾ ਮੁੱਢ ਬੰਨ੍ਹਦੇ ਹਨ, ਕਿਸਾਨਾਂ ਲਈ ਮਾਰੂ ਸਾਬਤ ਹੋਣਗੇ। ਉਨ੍ਹਾ ਨੇ ਸਤਲੁਜ-ਜਮਨਾ ਲਿੰਕ (ਐਸ ਵਾਈ ਐਲ) ਨਹਿਰ ਬਾਰੇ ਕਿਹਾ ਕਿ ਇਸ ਬਾਰੇ ਉਨ੍ਹਾਂ ਨੇ ਪਿੱਛੇ ਜਿਹੇ ਕੇਂਦਰੀ ਜਲ ਸਰੋਤ ਮੰਤਰੀ ਤੇ ਹਰਿਆਣਾ ਦੇ ਮੁੱਖ ਮੰਤਰੀ ਨਾਲ ਮੀਟਿੰਗ ਕੀਤੀ ਹੈ, ਪਰ ਇਹ ਸਮੱਸਿਆ ਪਿੱਛਾ ਨਹੀਂ ਛੱਡ ਰਹੀ।

# ਸ਼ਰਾਬ ਕਾਰੋਬਾਰੀ ਡੋਡਾ ਵੱਲੋਂ ਅਦਾਲਤ ਵਿੱਚ ਆਤਮ ਸਮਰਪਣ

*** ਕੇਸ ਵਿਚ ਡੋਡਾ ਦੀ ਪਤਨੀ, ਨੂੰਹ ਤੇ ਹੋਰ ਭਰੋਸੇਯੋਗ ਵੀ ਸ਼ਾਮਲ**



ਅਬੋਹਰ, 13 ਸਤੰਬਰ (ਪੋਸਟ ਬਿਊਰੋ)- ਸ਼ਰਾਬ ਕਾਰੋਬਾਰੀ ਅਤੇ ਭੀਮ ਟਾਂਕ ਕਲਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸ਼ਿਵ ਲਾਲ ਡੋਡਾ ਨੇ ਫਰਾਡ ਦੇ ਦੋ ਕੇਸਾਂ ਵਿੱਚ ਅਦਾਲਤ ਵਿੱਚ ਆਤਮ ਸਮਰਣ ਕਰ ਦਿੱਤਾ ਹੈ। ਜੱਜ ਨੇ ਪੁਲਸ ਦੇ ਕਹਿਣ ’ਤੇ 14 ਸਤੰਬਰ ਤੱਕ ਡੋਡਾ ਨੂੰ ਪੁੱਛ ਗਿੱਛ ਲਈ ਹਿਰਾਸਤ ਵਿੱਚ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਸੀ ਬੀ ਆਈ ਦੇ ਸਾਬਕਾ ਅਧਿਕਾਰੀ ਸਵਰਗੀ ਸਤਪਾਲ ਠਠਈ ਦੀ ਪਤਨੀ ਦੀ ਸ਼ਿਕਾਇਤ ’ਤੇ ਸਿਟੀ ਥਾਣਾ ਦੀ ਪੁਲਸ ਨੇ ਭੀਮ ਕਤਲ ਕੇਸ ਦੇ ਦੋਸ਼ੀ ਸ਼ਿਵ ਲਾਲ ਡੋਡਾ ਸਣੇ 10 ਜਣਿਆਂ ਵਿਰੁੱਧ ਜਾਇਦਾਦ ਖੁਰਦ-ਬੁਰਦ ਕਰਨ ਦੇ ਦੋਸ਼ ਵਿੱਚ ਪੂਰੀ ਜਾਂਚ ਪਿੱਛੋਂ 9 ਜੁਲਾਈ ਨੂੰ ਪਰਚਾ ਦਰਜ ਕੀਤਾ ਸੀ। ਇਸ ਕੇਸ ਵਿੱਚ ਜੋ ਵਿਅਕਤੀ ਨਾਮਜ਼ਦ ਕੀਤੇ ਗਏ, ਉਨ੍ਹਾਂ ਵਿੱਚ ਸਿਰਸਾ ਦੇ ਸੁਰੇਸ਼ ਸ਼ਰਮਾ, ਮਨੋਜ ਕੁਮਾਰ ਗੋਲਿਆਨ ਅਤੇ ਰਾਕੇਸ਼ ਕੁਮਾਰ, ਅਬੋਹਰ ਦਾ ਸ਼ਿਵ ਲਾਲ ਡੋਡਾ, ਉਸ ਦੀ ਪਤਨੀ ਸੁਨੀਤਾ ਡੋਡਾ, ਨੂੰਹ ਸੁਹਾਨੀ ਡੋਡਾ, ਸਹਿਯੋਗੀ ਰਾਜੀਵ ਚੁਘ, ਸੁਰਿੰਦਰ ਕੁਮਾਰ ਟਿਡਾ ਨਵੀਂ ਆਬਾਦੀ, ਬਿੱਲਾ ਕੁੱਕੜ ਤੇ ਕ੍ਰਿਸ਼ਨਾ ਨਗਰੀ ਦਾ ਰਜੀਵ ਰਤਨ ਧੀਂਗੜਾ ਸ਼ਾਮਲ ਸਨ। 10 ਜੁਲਾਈ ਨੂੰ ਸਿਟੀ ਥਾਣਾ ਪੁਲਸ ਨੇ ਧੋਖਾਧੜੀ ਦਾ ਇੱਕ ਹੋਰ ਕੇਸ ਦਰਜ ਕੀਤਾ ਹੈ ਜਿਸ ਵਿੱਚ ਸ਼ਿਵ ਲਾਲ ਡੋਡਾ ਦੀ ਰਾਇਲ ਇਨਫਰਾਸਟ੍ਰਕਚਰ ਕੰਪਨੀ ਦੇ ਮੈਨੇਜਰ ਰਾਜੀਵ ਕੋਹਲੀ ਅਤੇ ਇੰਦਰ ਮੋਹਨ ਦੇ ਇਲਾਵਾ ਗੜ੍ਹਸ਼ੰਕਰ ਵਾਸੀ ਜਗਤਾਰ ਸਿੰਘ, ਜੋਗਿੰਦਰ ਸਿੰਘ, ਰਘੁਵੀਰ ਸਿੰਘ ਅਤੇ ਰਣਜੀਤ ਕੌਰ ਵਾਸੀ ਮਹਿਲਪੁਰ ਆਦਿ ਨੂੰ ਨਾਮਜ਼ਦ ਕੀਤਾ ਗਿਆ।

# ਬੀ ਐਸ ਐਫ ਨੇ ਸਰਹੱਦੀ ਚੌਂਕੀ ਨਿਊ ਗਜਨੀਵਾਲਾ ਦੇ ਕੋਲੋਂ ਕਈ ਹਥਿਆਰ ਫੜ੍ਹੇ



ਫਿਰੋਜ਼ਪੁਰ, 13 ਸਤੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਕੌਮਾਂਤਰੀ ਸਰਹੱਦ ਤੋਂ ਪਾਕਿਸਤਾਨ ਵੱਲੋਂ ਹਥਿਆਰਾਂ ਤੇ ਨਸ਼ੇ ਦੀ ਸਮੱਗਲਿੰਗ ਲਗਾਤਾਰ ਜਾਰੀ ਹੈ। ਏਦਾਂ ਦੀ ਇੱਕ ਕੋਸ਼ਿਸ਼ ਨੂੰ ਭਾਰਤ ਦੀ ਬੀ ਐਸ ਐਫ ਨੇ ਅਸਫਲ ਕਰ ਦਿੱਤਾ ਅਤੇ ਪਾਕਿਸਤਾਨ ਵੱਲੋਂ ਭਾਰਤ ਭੇਜੀ ਗਈ ਹਥਿਆਰਾਂ ਦੀ ਵੱਡੀ ਖੇਪ ਬੀ ਐਸ ਐਫ ਦੀ 124ਵੀਂ ਬਟਾਲੀਅਨ ਨੇ ਫੜ ਲਈ ਹੈ। ਇਹ ਹਥਿਆਰ ਪਾਕਿਸਤਾਨ ਵੱਲੋਂ ਸਰਹੱਦੀ ਚੌਕੀ ਨਿਊ ਗਜਨੀਵਾਲਾ ਕੋਲੋਂ ਭਾਰਤ ਭੇਜੇ ਗਏ ਸਨ।

ਬੀ ਐਸ ਐਫ ਨੇ ਗੁਪਤ ਸੂਚਨਾ ਉੱਤੇ ਤਲਾਸ਼ੀ ਦੌਰਾਨ ਸਰਹੱਦੀ ਚੌਕੀ ਨਿਊ ਗਜਨੀਵਾਲਾ ਕੋਲ ਕੰਡਿਆਲੀ ਤਾਰ ਦੇ ਪਾਰ 3 ਏ ਕੇ 47 ਰਾਈਫਲਾਂ, ਛੇ ਮੈਗਜ਼ੀਨ, 91 ਕਾਰਤੂਸ, ਦੋ ਐਮ-16 ਰਾਈਫਲਾਂ, ਚਾਰ ਮੈਗਜ਼ੀਨ, 57 ਕਾਰਤੂਸ ਅਤੇ ਦੋ ਪਿਸਤੌਲਾਂ 9 ਐਮ ਐਮ, ਚਾਰ ਮੈਗਜ਼ੀਨ ਤੇ 20 ਕਾਰਤੂਸ ਬਰਾਮਦ ਕੀਤੇ ਤੇ ਪੰਜਾਬ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ ਹੈ। ਇਸ ਬਾਰੇ ਬੀ ਐਸ ਐਫ ਦੇ ਅਬੋਹਰ ਸੈਕਟਰ ਦੇ ਡੀ ਆਈ ਜੀ ਯਸ਼ਵੰਤ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਤ ਨੂੰ ਪਿੰਡ ਨਿਊ ਗਜਨੀਵਾਲਾ ਪੋਸਟ ਨੇੜੇ ਸਰਹੱਦ ਪਾਰੋਂ ਹਲਚਲ ਹੋਣ ’ਤੇ ਜਵਾਨਾਂ ਨੇ ਲਲਕਾਰਿਆ, ਪਰ ਨਾ ਕੋਈ ਸਾਹਮਣੇ ਆਇਆ ਤੇ ਨਾ ਕਿਸੇ ਨੇ ੋਈ ਜਵਾਬੀ ਕਾਰਵਾਈ ਕੀਤੀ। ਸਵੇਰੇ ਕੰਡਿਆਲੀ ਤਾਰ ਦੇ ਪਾਰ ਤਲਾਸ਼ੀ ਕੀਤੀ ਤਾਂ ਛੇ ਘੰਟੇ ਤੱਕ ਚੱਲੇ ਆਪਰੇਸ਼ਨ ਦੌਰਾਨ ਜ਼ਮੀਨ ’ਚ ਦਬਾ ਕੇ ਰੱਖੇ ਹਥਿਆਰ ਮਿਲੇ। ਸਾਰੇ ਹਥਿਆਰ ਪਾਕਿਸਤਾਨ ਵਿੱਚ ਬਣੀ ਪਸ਼ੂ ਖੁਰਾਕ ਦੀ ਪਲਾਸਟਿਕ ਦੀ ਬੋਰੀ ਵਿੱਚ ਰੱਖੇ ਹੋਏ ਸਨ, ਜਿਸ ’ਤੇ ਲਾਹੌਰ ਦਾ ਪਤਾ ਲਿਖਿਆ ਹੈ।

# ਕੋਰੋਨਾ ਦਾ ਦੁਖਾਂਤ; ਧੀ ਦੀ ਰਿਪੋਰਟ ਕੋਰੋਨਾ ਪਾਜ਼ਿਟਿਵ ਆਈ, ਮਾਂ ਨੇ ਫਾਹਾ ਲੈ ਲਿਆ



ਜਲੰਧਰ ਛਾਉਣੀ, 13 ਸਤੰਬਰ (ਪੋਸਟ ਬਿਊਰੋ)- ਥਾਣਾ ਛਾਉਣੀ ਹੇਠਲੀ ਨਲਵਾ ਰੋਡ ਨੇੜੇ ਕੁਆਰਟਰਾਂ ਵਿੱਚ ਕੱਲ੍ਹ ਓਦੋਂ ਮਾਹੌਲ ਗਮਗੀਨ ਹੋ ਗਿਆ, ਜਦੋਂ ਇੱਕ ਫੌਜ ਦੇ ਜਵਾਨ ਦੀ ਤਿੰਨ ਸਾਲਾ ਧੀ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਉਣ ’ਤੇ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਉਸ ਜਵਾਨ ਦੀ ਪਤਨੀ ਨੇ ਘਰ ’ਚ ਹੀ ਪੱਖੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ।

ਥਾਣਾ ਛਾਉਣੀ ਦੇ ਮੁਖੀ ਰਾਮਪਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਨਲਵਾ ਰੋਡ ਨੇੜੇ ਫੌਜੀ ਜਵਾਨ ਪ੍ਰਦੁਮਣ ਕੁਮਾਰ ਪੁੱਤਰ ਦੇਵਬ੍ਰਤ ਦੀ ਪਤਨੀ ਰਾਣੀ ਕੁਮਾਰੀ (29) ਪਿੰਡ ਰਾਮਾਵਤਪੁਰ ਜ਼ਿਲਾ ਕਮੂਰ ਬਬੂਆ ਬਿਹਾਰ ਨੇ ਕਮਰੇ ’ਚ ਲੱਗੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਜਦੋਂ ਜਾ ਕੇ ਜਾਂਚ ਕੀਤੀ ਤਾਂ ਮ੍ਰਿਤਕਾ ਰਾਣੀ ਕੁਮਾਰੀ (29) ਦੇ ਪਤੀ ਪ੍ਰਦੁਮਣ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਬੱਚੇ ਹਨ ਤੇ ਉਨ੍ਹਾਂ ਦੀ ਤਿੰਨ ਸਾਲਾ ਬੇਟੀ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਸੀ, ਜਿਸ ਕਾਰਨ ਉਸ ਦੀ ਪਤਨੀ ਰਾਣੀ ਕੁਮਾਰੀ ਕੁਝ ਦਿਨਾਂ ਤੋਂ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਸੀ, ਜਿਸ ਕਾਰਨ ਕੱਲ੍ਹ ਉਸ ਨੇ ਘਰ ਵਿੱਚ ਹੀ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪ੍ਰਦੁਮਣ ਕੁਮਾਰ ਨੇ ਦੱਸਿਆ ਕਿ ਸਵੇਰੇ ਜਦੋਂ ਉਹ ਉਠਿਆ ਤਾਂ ਦੇਖਿਆ ਤਾਂ ਉਸ ਦੀ ਪਤਨੀ ਉਸ ਨੂੰ ਨਹੀਂ ਦਿਸੀ, ਜਿਸ ਤੋਂ ਬਾਅਦ ਉਸ ਨੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਉਸ ਦੀ ਪਤਨੀ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ।



## ਹਾਂਗਕਾਂਗ ਵਿੱਚ ਅਮਰੀਕੀ ਦੂਤਘਰ ਅਤੇ ਕੌਂਸਲੇਟ ਜਨਰਲ ਸਟਾਫ ਉਤੇ ਪਾਬੰਦੀ ਲਾਗੂ

ਸਿਆਟਲ, 13 ਸਤੰਬਰ (ਪੋਸਟ ਬਿਊਰੋ)- ਅਮਰੀਕਾ ਵੱਲੋਂ ਚੀਨੀ ਨਾਗਰਿਕਾਂ 'ਤੇ ਲਾਈਆਂ ਪਾਬੰਦੀਆਂ ਦਾ ਜਵਾਬ ਦਿੰਦੇ ਹੋਏ ਚੀਨ ਨੇ ਹਾਂਗਕਾਂਗ ਵਿੱਚ ਅਮਰੀਕੀ ਦੂਤਘਰ ਤੇ ਕੌਂਸਲੇਟਾਂ 'ਤੇ ਪਾਬੰਦੀਆਂ ਲਾਉਣ ਦਾ ਐਲਾਨ ਕਰ ਦਿੱਤਾ ਹੈ। ਚੀਨ ਦਾ ਕਹਿਣਾ ਹੈ ਕਿ ਉਸ ਨੇ ਅਮਰੀਕਾ ਦੇ ਫੈਸਲੇ ਰੱਦ ਕਰਾਉਣ ਲਈ ਉਸ ਨੇ ਅਜਿਹਾ ਕੀਤਾ ਹੈ, ਜਿਸ ਨਾਲ ਹਾਂਗਕਾਂਗ ਵਿੱਚ ਅਮਰੀਕੀ ਦੂਤਘਰ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲੀਜਿਆਨ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਅਮਰੀਕਾ ਨੇ ਚੀਨੀ ਵਿਅਕਤੀਆਂ ਤੇ ਸੰਸਥਾਵਾਂ ਵਿਰੁੱਧ ਗਲਤ ਫੈਸਲੇ ਲਏ ਹਨ, ਇਸ ਲਈ ਜਵਾਬੀ ਕਾਰਵਾਈ ਜ਼ਰੂਰੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਅਮਰੀਕਾ ਸਰਕਾਰ ਨੇ ਬੀਤੇ ਕੁਝ ਮਹੀਨਿਆਂ ਦੌਰਾਨ ਹਾਂਗਕਾਂਗ ਅਤੇ ਸ਼ਿਨਜਿਆਂਗ ਵਿੱਚ ਮਨੁੱਖੀ ਅਧਿਕਾਰਾਂ ਦੀ ਦੁਰਵਰਤੋਂ ਵਿੱਚ ਸ਼ਾਮਲ ਹੋਣ ਦਾ ਕਹਿ ਕੇ ਅਤੇ ਦੱਖਣੀ ਚੀਨ ਸਾਗਰ ਵਿੱਚ ਵਿਵਾਦਤ ਚੌਕੀਆਂ ਦੇ ਫੌਜੀਕਰਨ ਲਈ ਕਈ ਚੀਨੀ ਨਾਗਰਿਕਾਂ ਤੇ ਸੰਸਥਾਵਾਂ 'ਤੇ ਪਾਬੰਦੀਆਂ ਲਾਈਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਮਹੀਨੇ ਅਮਰੀਕੀ ਰਾਸ਼ਟਰਪਤੀ ਨੇ ਚੀਨ ਦੀ ਕੰਪਨੀ ਬਾਈਟਡੈਂਸ (ਜਿਸ ਦਾ ਟਿਕ-ਟਾਕ ਹੈ) ਨੂੰ ਆਪਣੇ ਅਮਰੀਕੀ ਕਾਰੋਬਾਰ ਨੂੰ ਜਬਰੀ ਵੇਚਣ ਦੇ ਹੁਕਮ ਦਿੱਤੇ ਅਤੇ ਕਿਹਾ ਹੈ ਕਿ ਅਜਿਹਾ ਨਾ ਕਰਨ 'ਤੇ ਅਮਰੀਕਾ ਵਿੱਚ ਇਸ 'ਤੇ ਪਾਬੰਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਸਰਾਸਰ ਅਮਰੀਕਾ ਦਾ ਧੱਕਾ ਹੈ ਤੇ ਅਮਰੀਕਾ ਜ਼ਬਰਦਸਤੀ ਟਿਕਟਾਕ ਖਰੀਦਣਾ ਚਾਹੁੰਦਾ ਹੈ।

# ਸਿੱਖ ਵਿਦਿਆਰਥੀ ਦਾ ਮੁੱਦਾ ਸਾਊਥ ਆਸਟਰੇਲੀਆ ਪਾਰਲੀਮੈਂਟ 'ਚ ਗੂੰਜਿਆ

ਬ੍ਰਿਸਬੇਨ, 13 ਸਤੰਬਰ (ਪੋਸਟ ਬਿਊਰੋ)- ਸਾਊਥ ਆਸਟਰੇਲੀਆ ਦੀ ਪੁਲਸ ਨੇ ਬੀਤੇ ਦਿਨੀਂ ਬਿਨਾਂ ਜਾਂਚ ਕੀਤਿਆਂ ਇੱਕ ਪੰਜਾਬੀ ਸਿੱਖ ਅੰਤਰਰਾਸ਼ਟਰੀ ਵਿਦਿਆਰਥੀ ਦੀ ਫੋਟੋ ਸ਼ੋਸਲ ਮੀਡੀਆ 'ਤੇ ਪਾ ਕੇ ਜਨਤਾ ਨੂੰ ਅਪੀਲ ਕੀਤੀ ਸੀ ਕਿ ਜੇ ਕਿਸੇ ਨੂੰ ਕੋਈ ਜਾਣਕਾਰੀ ਹੈ ਤਾਂ ਉਹ ਪੁਲਸ ਨਾਲ ਸੰਪਰਕ ਕਰੇ।



ਆਪਣੀ ਪਛਾਣ ਗੁਪਤ ਰੱਖਣ ਦੇ ਵਾਅਦੇ ਨਾਲ ਪੰਜਾਬੀ ਨੌਜਵਾਨ ਨੇ ਮੀਡੀਆ ਨੂੰ ਦੱਸਿਆ ਕਿ ਕਿਸ ਤਰ੍ਹਾਂ ਪੁਲਸ ਦੀ ਗਲਤੀ ਨਾਲ ਉਸ ਦੇ ਅਕਸ ਨੂੰ ਢਾਹ ਲੱਗੀ ਹੈ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਆਪਣੇ ਭਾਈਚਾਰੇ ਦੇ ਲੋਕ ਹੀ ਉਸ ਨੂੰ ਚੋਰ ਸਮਝਣ ਲੱਗੇ ਸਨ। ਵਿਦਿਆਰਥੀ ਨੇ ਦੱਸਿਆ ਕਿ ਉਹ ਤਣਾਅ ਭਰਿਆ ਜੀਵਨ ਜਿਊਣ ਲਈ ਮਜਬੂਰ ਹੈ। ਪਤਾ ਲੱਗਣ ਉੱਤੇ ਉਸ ਨੇ ਪੁਲਸ ਨਾਲ ਸੰਪਰਕ ਕੀਤਾ ਅਤੇ ਆਪਣੇ ਬੇਗੁਨਾਹ ਹੋਣ ਦੇ ਸਬੂਤ ਦਿੱਤੇ। ਉਸ ਨੇ ਦੱਸਿਆ ਕਿ ਉਸ ਨੂੰ ਕਾਫੀ ਜੱਦੋਜਹਿਦ ਪਿੱਛੋਂ ਕੰਮ ਮਿਲਿਆ ਸੀ। ਉਸ ਨੂੰ ਨਹੀਂ ਪਤਾ ਸੀ ਕਿ ਉਹ ਉਸ ਦਾ ਗਲਤ ਫਾਇਦਾ ਲੈ ਰਿਹਾ ਸੀ। ਪੁਲਸ ਨੂੰ ਸਬੂਤ ਦੇਣ ਤੋਂ ਬਾਅਦ ਵਿਭਾਗ ਨੇ ਉਸ ਦੀ ਫੋਟੋ ਸ਼ੋਸ਼ਲ ਮੀਡੀਆ ਤੋਂ ਹਟਾ ਦਿੱਤੀ। ਉਨ੍ਹਾਂ ਅਨੁਸਾਰ ਈ-ਵੇਅ ਰਾਹੀਂ ਕੋਈ ਵਿਅਕਤੀ ਲੋਕਾਂ ਤੋਂ ਗਲਤ ਪੇਮੈਂਟ ਟਰਾਂਸਫਰ ਦੇ ਦਸਤਾਵੇਜ਼ ਦਿਖਾ ਕੇ ਉਨ੍ਹਾਂ ਤੋਂ ਲੈਪਟਾਪ ਖਰੀਦ ਲੈਂਦਾ ਸੀ। ਵਿਦਿਆਰਥੀ ਅਨੁਸਾਰ ਉਸ ਨੂੰ ਇਸ ਦੀ ਜਾਣਕਾਰੀ ਨਹੀਂ, ਕਿਉਂਕਿ ਉਹ ਕਿਸੇ ਕੋਲ ਕੰਮ ਕਰਦਾ ਸੀ।

ਗਰੀਨ ਪਾਰਟੀ ਦੇ ਟੈਮੀ ਫਰੈਂਕਸ ਐਮ ਐਲ ਸੀ ਨੇ ਇਹ ਮੁੱਦਾ ਸਾਊਥ ਆਸਟਰੇਲੀਆ ਦੀ ਪਾਰਲੀਮੈਂਟ ਵਿੱਚ ਚੁੱਕਿਆ ਹੈ ਅਤੇ ਸਟੀਫਨ ਵੇਡ ਸਿਹਤ ਮੰਤਰੀ ਤੋਂ ਜਵਾਬ ਮੰਗਿਆ। ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਦੀ ਗਲਤੀ ਨਾਲ ਇੱਕ ਵਿਦਿਆਰਥੀ ਦਾ ਭਵਿੱਖ ਧੁੰਦਲਾ ਹੋਇਆ ਤੇ ਉਸ ਨੂੰ ਕੰਮ ਲੱਭਣ ਵਿੱਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਪਾਕਿਸਤਾਨ ਵਿੱਚ ਕੁਫਰ ਦੇ ਝੂਠੇ ਦੋਸ਼ ਵਿੱਚ ਹਿੰਦੂ ਕਾਰੋਬਾਰੀ ਨੂੰ ਗ੍ਰਿਫਤਾਰ ਕਰ ਲਿਆ

*** ਮੌਲਵੀਆਂ ਦੀ ਜਾਂਚ ਵਿਚ ਬੇਕਸੂਰ, ਪਰ ਪੁਲਸ ਹਿਰਾਸਤ ਜਾਰੀ**



ਕਰਾਚੀ, 13 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲ੍ਹਾ ਕਸ਼ਮੋਰ ਵਿੱਚ ਇੱਕ ਹਿੰਦੂ ਕਾਰੋਬਾਰੀ ਨੂੰ ਕੁਫਰ ਕਾਨੂੰਨ ਹੇਠ ਇਸਲਾਮ ਵਿਰੁੱਧ ਗਲਤ ਸ਼ਬਦਾ ਬੋਲਣ ਦੇ ਝੂਠੇ ਦੋਸ਼ ਵਿੱਚ ਪੁਲਸ ਨੇ ਗ੍ਰਿਫਤਾਰ ਕੀਤਾ ਹੈ।

ਦੱਸਿਆ ਗਿਆ ਹੈ ਕਿ ਕਾਸ਼ਮੋਰ ਦੇ ਬਕਸਾਪੁਰ ਇਲਾਕੇ ਵਿੱਚ ਚੌਲਾਂ ਦੇ ਕਾਰੋਬਾਰੀ ਨੇ ਆਪਣੇ ਇੱਕ ਮੁਲਾਜ਼ਮ ਨੂੰ ਕੰਮ 'ਤੇ ਦੇਰੀ ਨਾਲ ਆਉਣ 'ਤੇ ਮੁਹੰਮਦ ਸਾਹਿਬ ਦੇ ਦੱਸੇ ਰਸਤੇ 'ਤੇ ਚੱਲਣ ਦੀ ਸਲਾਹ ਦਿੱਤੀ ਸੀ, ਜਿਸ ਉਤੇ ਉਸ ਨੇ ਬਾਜ਼ਾਰ 'ਚ ਜਾ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਹਿੰਦੂ ਕਾਰੋਬਾਰੀ ਨੇ ਮੁਹੰਮਦ ਸਾਹਿਬ ਅਤੇ ਇਸਲਾਮ ਵਿਰੁੱਧ ਇਤਰਾਜ਼ ਯੋਗ ਸ਼ਬਦਾਵਲੀ ਵਰਤੀ ਹੈ। ਉਕਤ ਘਟਨਾ ਦੇ ਬਾਅਦ ਬਕਸਾਪੁਰ 'ਚ ਸੜਕਾਂ 'ਤੇ ਰੋਕ ਲਾ ਕੇ ਮਜ਼ਦੂਰ ਕਈ ਘੰਟਿਆਂ ਤੱਕ ਪੁਲਸ ਅੱਗੇ ਹਿੰਦੂ ਕਾਰੋਬਾਰੀ ਸ਼ਾਮ ਲਾਲ ਨੂੰ ਉਨ੍ਹਾਂ ਦੇ ਸਪੁਰਦ ਕਰਨ ਦੇ ਨਾਅਰੇ ਮਾਰਦੇ ਰਹੇ। ਇਲਾਕੇ ਦੇ ਮੌਲਵੀਆਂ ਨੇ ਜਦੋਂ ਮੁਸਲਿਮ ਨੌਜਵਾਨ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਮੰਨਿਆ ਕਿ ਹਿੰਦੂ ਕਾਰੋਬਾਰੀ ਨੇ ਉਸ ਨੂੰ ਨਬੀ ਦੇ ਦੱਸੇ ਰਸਤੇ 'ਤੇ ਚੱਲਣ ਅਤੇ ਉਨ੍ਹਾਂ ਵਰਗੇ ਕੰਮ ਕਰਨ ਦੀ ਸਲਾਹ ਦਿੱਤੀ ਸੀ। ਇਸ 'ਤੇ ਮੌਲਵੀਆਂ ਨੇ ਫਤਵਾ ਜਾਰੀ ਕਰਦਿਆਂ ਕਿਹਾ ਕਿ ਸ਼ਾਮ ਲਾਲ ਬੇਕਸੂਰ ਹੈ, ਪਰ ਅਜੇ ਵੀ ਸ਼ਾਮ ਲਾਲ ਪੁਲਸ ਦੀ ਹਿਰਾਸਤ ਵਿੱਚ ਹੈ।

## ਬੋਇੰਗ ਦੇ ਜਹਾਜ਼ 787 ਡ੍ਰੀਮ-ਲਾਈਨਰ ਦੀ ਸੁਰੱਖਿਆ ਜਾਂਚ ਵਿੱਚ ਨਵਾਂ ਮੋੜ ਆਇਆ

ਸਿਆਟਲ, 13 ਸਤੰਬਰ (ਪੋਸਟ ਬਿਊਰੋ)- ਜਹਾਜ਼ ਬਣਾਉਣ ਲਈ ਦੁਨੀਆ ਭਰ 'ਚ ਪ੍ਰਸਿੱਧ ਅਮਰੀਕੀ ਕੰਪਨੀ ਬੋਇੰਗ, ਜਿਸ ਦਾ ਮੁੱਖ ਦਫ਼ਤਰ ਤੇ ਬਹੁਤਾ ਕੰਮ ਸਿਆਟਲ ਵਿੱਚ ਹੈ, ਦੇ ਇੰਜੀਨੀਅਰਾਂ ਨੇ ਬੋਇੰਗ 787 ਜਹਾਜ਼ ਦੀ ਸੁਰੱਖਿਆ ਬਾਰੇ ਨਵੇਂ ਸਵਾਲ ਖੜ੍ਹੇ ਕੀਤੇ ਹਨ। ਬੋਇੰਗ ਆਪਣੀ ਉਚ ਪ੍ਰੋਫਾਈਲ ਦੀਆਂ ਮੁਸ਼ਕਿਲਾਂ ਦੇ ਬਾਅਦ ਆਪਣੀ ਉਚਾਈ ਮੁੜ ਹਾਸਲ ਕਰਨ ਲਈ ਸੰਘਰਸ਼ ਕਰ ਰਹੀ ਹੈ।

ਪਤਾ ਲੱਗਾ ਹੈ ਕਿ 787 ਜਹਾਜ਼ ਡ੍ਰੀਮਲਾਈਨਰ ਬਾਰੇ ਕਈ ਨਵੇਂ ਸਵਾਲਾਂ ਦਾ ਸਾਮਹਣਾ ਕਰਨਾ ਪੈ ਸਕਦਾ ਹੈ। ਰਿਕਾਰਡਾਂ ਤੋਂ ਦਿੱਸਦਾ ਹੈ ਕਿ ਇੰਜੀਨੀਅਰਾਂ ਨੇ ਜੈਟਲਾਈਨਰ ਤੇ ਲੰਬਕਾਰੀ ਪੂਛ ਫਿਨ ਬਾਰੇ ਕਈ ਕਿੰਤੂ ਕੀਤੇ ਹਨ। ਇਹ ਉਹ ਸਵਾਲ ਹਨ ਜੋ ਛੇ ਮਹੀਨੇ ਪਹਿਲਾਂ ਵੀ ਪ੍ਰਗਟ ਕੀਤੇ ਗਏ ਸਨ ਅਤੇ ਬੋਇੰਗ ਦੇ ਡ੍ਰੀਮਲਾਈਨਰ ਬਾਰੇ ਬੇਯਕੀਨੀ ਪੈਦਾ ਕਰ ਸਕਦੇ ਹਨ। ਇੱਕ ਬਿਆਨ ਵਿੱਚ ਕੰਪਨੀ ਦੇ ਅਧਿਕਾਰੀਆਂ ਨੇ ਕਿਹਾ ਕਿ ਕੰਪਨੀ ਚਿੰਤਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ। ਕੰਪਨੀ ਨੇ ਕਿਹਾ ਅਸੀਂ ਸੁਰੱਖਿਆ ਦੇ ਮੁੱਦਿਆਂ ਦਾ ਲਗਾਤਾਰ ਮੁਲਾਂਕਣ ਕਰਦੇ ਹਾਂ। ਇਹ ਮੁੱਦਾ 2019 ਦੇ ਅਖੀਰ ਵਿੱਚ ਪਾਇਆ ਗਿਆ ਸੀ ਤੇ ਅਸੀਂ ਇਸ ਦਾ ਉਤਪਾਦਨ ਵਿੱਚ ਹੱਲ ਕਰ ਲਿਆ ਹੈ।

ਇਥੋਂ ਦੇ ਇੱਕ ਟੀ ਵੀ ਚੈਨਲ ਨੇ ਕੰਪਨੀ ਦੇ ਕਈ ਦਸਤਾਵੇਜ਼ਾਂ ਦੀ ਜਾਂਚ ਕੀਤੀ, ਜਿਸ ਵਿੱਚ ਇੱਕ ਮਕੈਨਿਕ ਨੇ ਸਮੁੱਚੇ ਡ੍ਰੀਮਲਾਈਨਰ ਫਲੀਟ ਵਿੱਚ ਲੱਗਭਗ ਹਰ ਜਹਾਜ਼ ਦੀ ਜਾਂਚ ਕਰਨ ਲਈ ਪ੍ਰੇਰਿਆ। ਇਹ ਗੱਲ ਸਪੱਸ਼ਟ ਨਹੀਂ ਕਿ ਇਸ ਮਕੈਨਿਕ ਨੇ ਇਸ ਕੰਪਨੀ 'ਚ ਕੰਮ ਕੀਤਾ ਸੀ, ਪਰ ਉਸ ਨੇ ਜਹਾਜ਼ ਦੀ ਪੂਛ 'ਤੇ ਕੰਮ ਕਰਦੇ ਹੋਇਆਂ ਦੇਖਿਆ ਕਿ ਬੋਇੰਗ 787 ਡ੍ਰੀਮਲਾਈਨਰ 'ਤੇ ਕੁਝ ਗ਼ਲਤ ਹੈ। ਇਸੇ ਹਫ਼ਤੇ ਦੇ ਸ਼ੁਰੂ ਵਿੱਚ ਕੰਪਨੀ ਦੇ ਬੁਲਾਰੇ ਨੇ ਮੰਨਿਆ ਕਿ ਬੋਇੰਗ 'ਹਰੀਜੰਟਨ ਸਟੈਬਲਾਈਜ਼ਰ' ਉਤੇ ਜਹਾਜ਼ ਦੀ ਬਣਤਰ ਨਾਲ ਜੁੜੇ ਇੱਕ ਮੁੱਦੇ ਦੀ ਸਮੀਖਿਆ ਚੱਲ ਰਹੀ ਹੈ। ਜਾਂਚ ਵਿੱਚ ਕਿਹਾ ਗਿਆ ਕਿ ਜਹਾਜ਼ ਦੇ ਲੰਬਕਾਰੀ ਪੂਛ ਫਿਨ ਬਾਰੇ ਸੁੱਰਖਿਆ ਚਿੰਤਾਵਾਂ ਹਨ।

## ਡਾ: ਜ਼ੈਦੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਕਾਰਜਕਾਰੀ ਵੀ ਸੀ ਬਣਾਏ ਗਏ

ਸ੍ਰੀ ਨਨਕਾਣਾ ਸਾਹਿਬ, 13 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਜ਼ਿਲ੍ਹਾ ਨਨਕਾਣਾ ਸਾਹਿਬ 'ਚ ਬਣ ਰਹੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਕਾਰਜਕਾਰੀ ਵਾਈਸ ਚਾਂਸਲਰ ਪ੍ਰੋ. ਡਾ. ਅਸਗਤ ਜ਼ੈਦੀ ਨੂੰ ਬਣਾਇਆ ਗਿਆ ਹੈ। ਉਹ ਇਸ ਵਕਤ ਗੌਰਮਿੰਟ ਯੂਨੀਵਰਸਿਟੀ ਲਾਹੌਰ 'ਚ ਵਾਈਸ ਚਾਂਸਲਰ ਹਨ ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਐਂਡ ਪੋਲੀਟੀਕਲ ਸਾਇੰਸ 'ਚ ਵਿਜ਼ਟਿੰਗ ਪ੍ਰੋਫੈਸਰ ਵਜੋਂ ਸੇਵਾਵਾਂ ਦੇ ਰਹੇ ਹਨ।



ਪ੍ਰੋ. ਡਾ. ਅਸਗਰ ਜ਼ੈਦੀ ਦੇ ਉਦਮਾਂ ਸਦਕਾ ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ 'ਚ ਬਾਬਾ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ ਬਣਾਈ ਜਾ ਰਹੀ ਯੂਨੀਵਰਸਿਟੀ 'ਚ ਸ੍ਰੀ ਨਨਕਾਣਾ ਸਾਹਿਬ ਸ਼ੇਖ਼ੂਪੁਰਾ, ਜੜਾਂਵਾਲਾ, ਓਕਾੜਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਦੀ ਸਹੂਲਤ ਮਿਲੇਗੀ ਅਤੇ ਇੱਥੇ ਗੁਰਮੁਖੀ, ਪੰਜਾਬੀ, ਅੰਗਰੇਜ਼ੀ, ਉਰਦੂ ਸਮੇਤ ਵੱਖ-ਵੱਖ ਭਾਸ਼ਾਵਾਂ 'ਚ ਹਰ ਉਹ ਕੋਰਸ ਤੇ ਪੜ੍ਹਾਈ ਕਰਾਈ ਜਾਵੇਗੀ, ਜਿਹੜੀ ਪਾਕਿ ਦੀਆਂ ਪੁਰਾਣੀਆਂ ਤੇ ਨਾਮਵਰ ਯੂਨੀਵਰਸਿਟੀਆਂ 'ਚ ਕਰਵਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਨਿਰਦੇਸ਼ਾਂ ਹੇਠ ਲੱਗਭਗ 600 ਕਰੋੜ ਦੀ ਲਾਗਤ ਨਾਲ ਉਕਤ ਯੂਨੀਵਰਸਿਟੀ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ, ਜਿਸ ਦੌਰਾਨ ਪਹਿਲੇ ਪੜਾਅ ਦਾ ਕੰਮ ਲੱਗਭਗ ਅੱਠ ਕਰੋੜ ਰੁਪਏ ਦੀ ਲਾਗਤ ਮੁਕੰਮਲ ਕਰ ਲਿਆ ਗਿਆ ਹੈ।






Ride Ontario's
Heritage Railway
SPECIAL RIDES
FALL COLOURS TOURS
Starts From Sep 27
Reservation only
SOUTH SIMCOE RAILWAY
ONTARIO'S FIRST STEAM HERITAGE RAILWAY
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ
ਯਾਨੀ ਪਤਝੜ (Falls) ਦਾ ਇਸ ਵਾਰੀ Beeton
Creek Valley ਵਿੱਚ South Simcoe ਦੀ
Heritage Train ਰਾਹੀਂ ਆਪਣੇ ਪਰਿਵਾਰ
ਸਮੇਤ ਆਨੰਦ ਮਾਣੋ
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815
VISA
MasterCard
Interac




ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017

